# ਪਾਠ 17 ਨਿੱਕੀ ਕਹਾਣੀ – 'ਪੁੱਲ'

## ਪਾਠ ਦੀ ਰੂਪ-ਰੇਖਾ


17.0 ਮਨੋਰਥ
17.1 ਭੂਮਿਕਾ
17.2 ਨਿੱਕੀ ਕਹਾਣੀ ਦੀ ਪਰਿਭਾਸ਼ਾ
17.3 ਪੰਜਾਬੀ ਨਿੱਕੀ ਕਹਾਣੀ ਦੀ ਸੰਖੇਪ ਜਾਣ-ਪਛਾਣ
17.3.1 ਪੰਜਾਬੀ ਨਿੱਕੀ ਕਹਾਣੀ ਦਾ ਵਿਰਸਾ
17.3.2 ਪੰਜਾਬੀ ਨਿੱਕੀ ਕਹਾਣੀ ਦੇ ਇਤਿਹਾਸਕ ਦੌਰ
17.3.3 ਕਹਾਣੀਕਾਰ ਕਰਤਾਰ ਸਿੰਘ ਦੁੱਗਲ
17.4 ਸਾਰ
17.5 ਮੂਲ ਪਾਠ
17.6 ਪੁਲ : ਇੱਕ ਸੰਖੇਪ ਟਿੱਪਣੀ
17.7 ਭਾਸ਼ਾ ਸੰਬੰਧੀ
17.7.1 ਇੱਕ ਸ਼ਬਦ
17.7.2 ਵਾਕ ਜੋੜ
17.8 ਸਹਾਇਕ ਪੁਸਤਕਾਂ
17.9 ਅਭਿਆਸਾਂ ਦੇ ਉੱਤਰ


## 17.0 ਮਨੋਰਥ

ਇਸ ਪਾਠ ਦਾ ਮਨੋਰਥ ਸਾਹਿੱਤ ਦੇ ਇੱਕ ਬਹੁਤ ਹੀ ਦਿਲਚਸਪ ਤੇ ਹਰਮਨ ਪਿਆਰੇ ਰੂਪ ਨਿੱਕੀ ਕਹਾਣੀ ਨਾਲ ਤੁਹਾਡੀ ਜਾਣ-ਪਛਾਣ ਕਰਵਾਉਣੀ ਹੈ।

## 17.1 ਭੂਮਿਕਾ

ਇਸ ਪਾਠ ਵਿੱਚ ਸਭ ਤੋਂ ਪਹਿਲਾਂ ਨਿੱਕੀ ਕਹਾਣੀ ਬਾਰੇ ਤੁਹਾਡੇ ਨਾਲ ਗੱਲ-ਬਾਤ ਕਰਾਂਗੇ। ਫੇਰ, ਪੰਜਾਬੀ ਨਿੱਕੀ ਕਹਾਣੀ ਬਾਰੇ ਸੰਖੇਪ ਜਾਣਕਾਰੀ ਦਿੱਤੀ ਜਾਏਗੀ। ਬਾਅਦ ਵਿੱਚ, ਕਹਾਣੀਕਾਰ ਕਰਤਾਰ ਸਿੰਘ ਦੁੱਗਲ ਸੰਬੰਧੀ, ਥੋੜ੍ਹੇ ਜਿਹੇ ਵਿਸਤਾਰ ਨਾਲ ਚਰਚਾ ਕਰਾਂਗੇ। ਅੰਤ ਵਿੱਚ ਤੁਹਾਡੇ ਪੜ੍ਹਨ ਲਈ ਦੁੱਗਲ ਦੀ ਇੱਕ ਕਹਾਣੀ 'ਪੁੱਲ' ਦਾ ਮੂਲ ਦਿੱਤਾ ਜਾਏਗਾ।

## 17.2 ਨਿੱਕੀ ਕਹਾਣੀ ਦੀ ਪਰਿਭਾਸ਼ਾ

ਬਾਵਜੂਦ ਇਸ ਦੇ ਕਿ ਸਾਹਿੱਤ ਦੇ ਕਿਸੇ ਵੀ ਰੂਪ ਜਿਵੇਂ ਕਿ: ਕਵਿਤਾ, ਨਾਟਕ, ਨਾਵਲ ਆਦਿ ਨੂੰ ਪਰੀਭਾਸ਼ਾ ਵਿੱਚ ਬੰਨ੍ਹ ਸਕਣਾ ਸੰਭਵ ਨਹੀਂ ਹੁੰਦਾ, ਕਿਉਂਕਿ ਹਰ ਪਰਿਭਾਸ਼ਾ ਅਧੂਰੀ ਤੇ ਇਸੇ ਲਈ ਭਰੋਸੇਯੋਗ ਨਹੀਂ ਹੁੰਦੀ, ਨਿੱਕੀ ਕਹਾਣੀ ਨੂੰ ਪਰਿਭਾਸ਼ਤ ਕਰਨ ਦੇ ਜਤਨ ਹੋਏ ਹਨ। ਨਿੱਕੀ ਕਹਾਣੀ ਉੱਪਰ ਲਿਖੀ ਗਈ ਕਿਸੇ ਵੀ ਪੁਸਤਕ ਵਿੱਚੋਂ ਤੁਹਾਨੂੰ ਨਿੱਕੀ ਕਹਾਣੀ ਦੀਆਂ ਅਨੇਕਾਂ ਪਰਿਭਾਸ਼ਾਵਾਂ ਮਿਲ ਜਾਣਗੀਆਂ। ਨਿੱਕੀ ਕਹਾਣੀ ਸੰਬੰਧੀ ਪ੍ਰਾਪਤ ਪਰਿਭਾਸ਼ਾਵਾਂ ਦੀ ਇੱਕ ਲੰਮੀ ਸੂਚੀ ਤਿਆਰ ਕਰਨਾ ਸਾਡਾ ਕਦਾਚਿਤ ਮੰਤਵ ਨਹੀਂ। ਅਸੀਂ ਤਾਂ ਬਸ ਇਤਨਾ ਹੀ ਚਾਹੁੰਦੇ ਹਾਂ ਕਿ ਤੁਹਾਨੂੰ ਨਿੱਕੀ ਕਹਾਣੀ ਦੇ ਕਲਾ-ਪੱਖ ਬਾਰੇ ਲੋੜੀਂਦੀ ਜਾਣਕਾਰੀ ਦਿੱਤੀ ਜਾ ਸਕੇ। ਇਸ ਲਈ ਜ਼ਰੂਰੀ ਹੈ ਕਿ ਨਿੱਕੀ ਕਹਾਣੀ ਦੇ ਕੁੱਝ ਕੁ ਜਗਤ-ਪ੍ਰਸਿੱਧ ਮਾਹਿਰ ਆਲੋਚਕਾਂ ਦੇ ਨਿੱਕੀ ਕਹਾਣੀ ਬਾਰੇ ਪੇਸ਼ ਕੀਤੇ ਗਏ ਵਿਚਾਰਾਂ ਨਾਲ ਤੁਹਾਡੀ ਪਛਾਣ ਕਰਵਾਈ ਜਾਵੇ। ਇਹ ਵਿਚਾਰ ਇਸ ਪ੍ਰਕਾਰ ਹਨ :

ੳ) "ਨਿੱਕੀ ਕਹਾਣੀ ਉਸ ਨੂੰ ਹੀ ਆਖਿਆ ਜਾ ਸਕਦਾ ਹੈ ਜਿਸ ਨੂੰ ਮਿਹਨਤ ਨਾਲ ਇੱਕ ਕਲਾਤਮਿਕ ਰੂਪ ਦੇ ਦਿੱਤਾ ਜਾਏ। ਕੁੱਝ ਘਟਨਾਵਾਂ ਨੂੰ ਉੱਧੜ-ਗੁੱਧੜ ਤਰੀਕੇ ਨਾਲ ਜੋੜ ਕੇ ਕਿਸੇ ਸਿੱਧੀ-ਸਾਦੀ ਵਾਰਤਾ ਰਾਹੀਂ

ਬਿਆਨ ਕਰਨ ਵਾਲੀ ਕਹਾਣੀ ਨੂੰ ਨਿੱਕੀ ਕਹਾਣੀ ਨਹੀਂ ਕਿਹਾ ਜਾ ਸਕਦਾ।''[1]

ਅ) ''ਨਿੱਕੀ ਕਹਾਣੀ ਇੱਕ ਪਾਤਰ, ਇੱਕ ਘਟਨਾ, ਇੱਕ ਭਾਵ ਜਾਂ ਭਾਵਾਂ ਦੀ ਲੜੀ ਨੂੰ, ਜੋ ਇੱਕੋ ਘਟਨਾ ਦੀ ਉਪਜ ਹੋਵੇ, ਪੇਸ਼ ਕਰਦੀ ਹੈ।''[2]

ੲ) ''ਨਿੱਕੀ ਕਹਾਣੀ ਵਿੱਚ ਪ੍ਰਭਾਵ ਦੀ ਏਕਤਾ ਅਤੀ ਜ਼ਰੂਰੀ ਹੈ।''[3]

ਉਪਰੋਕਤ ਪੇਸ਼ ਕੀਤੇ ਗਏ ਵਿਚਾਰਾਂ ਤੋਂ ਅਲਾਵਾ ਕਈ ਆਲੋਚਕਾਂ ਨੇ ਨਿੱਕੀ ਕਹਾਣੀ ਉੱਪਰ ਇਹ ਵੀ ਪਾਬੰਦੀ ਲਾਈ ਹੈ ਕਿ ਇਹ ਇੱਕੋ ਬੈਠਕ ਵਿੱਚ ਪੜ੍ਹੀ ਜਾ ਸਕੇ। ਜ਼ਾਹਿਰ ਹੈ ਕਿ ਇਹ ਸ਼ਰਤ ਪਾਠਕ ਉੱਪਰ ਨਿਰਭਰ ਹੋਣ ਕਰਕੇ ਨਿਰਮੂਲ ਬਣ ਜਾਂਦੀ ਹੈ। ਕਈਆਂ ਨੇ ਨਿੱਕੀ ਕਹਾਣੀ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਸਮੇਂ ਸ਼ਬਦਾਂ ਦੀ ਗਿਣਤੀ ਨੂੰ ਵੀ ਆਧਾਰ ਬਣਾਇਆ ਹੈ। 'ਸ਼ਬਦਾਂ ਦੀ ਗਿਣਤੀ' ਦਾ ਆਧਾਰ ਵੀ 'ਪਾਠਕ ਦੀ ਬੈਠਕ ਵਾਂਗ' ਨਿਰਮੂਲ ਹੀ ਕਿਹਾ ਜਾ ਸਕਦਾ ਹੈ। ਨਾਲੇ, ਇਹ ਵੀ ਕੋਈ ਜ਼ਰੂਰੀ ਨਹੀਂ, ਜਿਵੇਂ ਕਿ ਉੱਪਰ ਦਿੱਤੀ ਗਈ ਇੱਕ ਪਰਿਭਾਸ਼ਾ ਵਿੱਚ ਦੱਸਿਆ ਗਿਆ ਹੈ, ਕਿ ਨਿੱਕੀ ਕਹਾਣੀ ਵਿੱਚ ਇੱਕ ਪਾਤਰ ਜਾਂ ਇੱਕ ਘਟਨਾ ਹੀ ਹੋਵੇ। ਨਿੱਕੀ ਕਹਾਣੀ ਵਿੱਚ ਇੱਕ ਤੋਂ ਵੱਧ ਪਾਤਰ ਜਾਂ ਘਟਨਾਵਾਂ ਹੋਣ ਨਾਲ ਉਹ ਕੋਈ ਪਤਿਤ ਨਹੀਂ ਹੋ ਜਾਂਦੀ। ਪਰ, ਇੱਕ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਿੱਕੀ ਕਹਾਣੀ, ਚੂੰਕਿ, ਕਲਾਤਮਿਕ ਕਿਰਤ ਹੈ, ਇਸ ਲਈ ਉਸ ਵਿੱਚ ਪ੍ਰਭਾਵ ਦੀ ਏਕਤਾ ਦਾ ਹੋਣਾ, ਬਹੁਤ ਜ਼ਰੂਰੀ ਹੈ। ਏਕਤਾ ਹੀ ਕਿਸੇ ਸਾਹਿੱਤਕ ਕਿਰਤ ਨੂੰ ਇਕਾਈ ਵਿੱਚ ਪੇਸ਼ ਕਰਨ ਦੇ ਯੋਗ ਹੋ ਸਕਦੀ ਹੈ।

## 17.3 ਪੰਜਾਬੀ ਨਿੱਕੀ ਕਹਾਣੀ ਦੀ ਸੰਖੇਪ ਜਾਣ-ਪਛਾਣ

ਸਾਹਿੱਤ ਦਾ ਕੋਈ ਵੀ ਰੂਪ ਹੋਵੇ ਉਸ ਦੀਆਂ ਜੜ੍ਹਾਂ ਕਿਸੇ ਨਾ ਕਿਸੇ ਤਰ੍ਹਾਂ ਨਾਲ, ਆਪਣੇ ਸਾਹਿੱਤਕ ਤੇ ਸਭਿਆਚਾਰਕ ਵਿਰਸੇ ਵਿੱਚ ਹੁੰਦੀਆਂ ਹਨ। ਪੰਜਾਬੀ ਨਿੱਕੀ ਕਹਾਣੀ ਦਾ ਵੀ ਆਪਣਾ ਇੱਕ ਵਿਰਸਾ ਹੈ; ਆਪਣਾ ਇੱਕ ਇਤਿਹਾਸ ਹੈ, ਭਾਵੇਂ ਬਾਹਰਲੇ ਪ੍ਰਭਾਵਾਂ ਤੋਂ ਇਨਕਾਰ ਨਹੀਂ ਹੈ।

### 17.3.1 ਪੰਜਾਬੀ ਨਿੱਕੀ ਕਹਾਣੀ ਦਾ ਵਿਰਸਾ

ਵਾਰ, ਜਨਮਸਾਖੀ ਤੇ ਕਿੱਸਾ ਆਦਿ ਪੰਜਾਬੀ ਸਾਹਿੱਤ ਦੀਆਂ ਕੁੱਝ ਅਜਿਹੀਆਂ ਵੰਨਗੀਆਂ ਹਨ ਜਿਨ੍ਹਾਂ ਨੂੰ ਪੰਜਾਬੀ ਨਿੱਕੀ ਕਹਾਣੀ ਦੇ ਵਿਰਸੇ ਵਜੋਂ, ਠੀਕ ਹੀ, ਸਵੀਕਾਰ ਕੀਤਾ ਗਿਆ ਹੈ।

ੳ) **ਵਾਰ** : ਪੰਜਾਬੀ ਵਿੱਚ ਲਿਖੀਆਂ ਗਈਆਂ ਵਾਰਾਂ ਦੀ ਪਹਿਲੀ ਸੂਹ ਸਾਨੂੰ ਗੁਰੂ ਗ੍ਰੰਥ ਸਾਹਿਬ ਵਿੱਚੋਂ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਸਾਹਿਬਾਨ ਦੀਆਂ ਕੁੱਝ ਵਾਰਾਂ ਨੂੰ ਲੋਕਾਂ ਵਿੱਚ ਪ੍ਰਚਲਿਤ ਵਾਰਾਂ ਦੀਆਂ ਧੁਨੀਆਂ (ਤਰਜ਼ਾਂ) ਉੱਪਰ ਗਾਉਣ ਦੀ ਹਦਾਇਤ ਦਿੱਤੀ ਗਈ ਹੈ। ਇਹੋ ਜਿਹੀਆਂ ਕੁੱਝ ਵਾਰਾਂ ਹਨ : 'ਮਲਿਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ' 'ਕਮਾਲ ਮੌਜ ਕੀ', 'ਟੁੰਡਾ ਅਸਰਾਜੈ' ਆਦਿ। ਇਨ੍ਹਾਂ ਵਾਰਾਂ ਦੇ ਪਾਠ ਇਕੱਤਰ ਕਰਨ ਦੇ ਜਤਨ ਹੋਏ ਹਨ।[4] ਬੇਸ਼ਕ, ਇਨ੍ਹਾਂ ਵਾਰਾਂ ਦੇ ਮੁਕੰਮਲ ਪਾਠ ਪ੍ਰਾਪਤ ਨਹੀਂ ਹੋ ਸਕੇ। ਫੇਰ ਵੀ, ਜਿੰਨੇ ਪ੍ਰਾਪਤ ਹੋ ਸਕੇ ਹਨ, ਉਨ੍ਹਾਂ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਾਰਾਂ ਦੇ ਨਾਇਕ ਲੋਕਲ ਰਾਜੇ ਜਾਂ ਸਰਦਾਰ ਸਨ। ਇਨ੍ਹਾਂ ਨੇ ਯੁੱਧ ਵੀ (ਜਾਂ ਛੋਟੀ-ਮੋਟੀ ਲੜਾਈ) ਜ਼ਰ (ਸੋਨਾ), ਜੋਰੂ (ਔਰਤ) ਤੇ ਜ਼ਮੀਨ ਹਥਿਆਉਣ ਲਈ ਹੀ ਕੀਤੇ। ਇਹ ਵਾਰਾਂ ਛੰਦਾਂ ਵਿੱਚ ਲਿਖੀਆਂ ਗਈਆਂ, ਪਰ ਇਨ੍ਹਾਂ ਦੀ ਵਸਤੂ, ਨਾਇਕਾਂ ਦੇ ਮੋਟਿਫ (ਮੂਲ-ਭਾਵ) ਤੇ ਬਣਤਰ ਨੇ, ਸਮਾਂ ਪਾ ਕੇ, ਪੰਜਾਬੀ ਨਿੱਕੀ ਕਹਾਣੀ ਦੀ ਉਸਾਰੀ ਵਿੱਚ ਨੀਂਹ ਦਾ ਕੰਮ ਕੀਤਾ।

ਅ) **ਜਨਮਸਾਖੀ** : ਬੁੱਧ ਧਰਮ ਵਿੱਚ ਜਿਵੇਂ 'ਜਾਤਕ' ਸ਼ਬਦ (ਜਨਮ ਨਾਲ ਸੰਬੰਧਿਤ) ਗੌਤਮ ਬੁੱਧ ਦੇ ਪੂਰਬਲੇ ਜਨਮਾਂ ਨਾਲ ਸੰਬੰਧਿਤ ਘਟਨਾਵਾਂ ਲਈ ਰਾਖਵਾਂ ਹੈ, ਇਸੇ ਪ੍ਰਕਾਰ ਜਨਮਸਾਖੀ ਬਾਬਾ ਨਾਨਕ ਦੇ ਜੀਵਨ ਨਾਲ ਸੰਬੰਧਿਤ ਵਾਪਰੀਆਂ ਘਟਨਾਵਾਂ ਦਾ ਸੰਗ੍ਰਹਿ ਹੈ। ਦੂਜੇ ਸ਼ਬਦਾਂ ਵਿੱਚ ਕੇਵਲ ਬਾਬਾ ਨਾਨਕ ਦੀ ਜੀਵਨੀ ਨੂੰ ਹੀ ਜਨਮਸਾਖੀ ਦਾ ਨਾਂ ਦਿੱਤਾ ਜਾ ਸਕਦਾ ਹੈ। ਬਹੁਤੇ ਵਿਦਵਾਨਾਂ ਦੀ ਇਹ ਧਾਰਨਾ ਹੈ ਕਿ ਬਾਬਾ ਨਾਨਕ ਦੇ 'ਜੋਤੀ ਜੋਤਿ' ਸਮਾਉਣ ਤੋਂ ਲੱਗਪੱਗ ਸੌ ਵਰ੍ਹੇ ਮਗਰੋਂ ਪਹਿਲਪ ਜਨਮਸਾਖੀ, ਜਿਸ ਦਾ ਨਾਂ ਅਜੋਕੇ ਸਮੇਂ ਵਿੱਚ 'ਪੁਰਾਤਨ ਜਨਮ ਸਾਖੀ' (1635 ਈ:)o ਰੱਖਿਆ ਗਿਆ, (ਜਿਸ ਨੂੰ **ਵਲੈਤ ਵਾਲੀ ਜਨਮਸਾਖੀ** ਵੀ ਕਹਿ ਲੈਂਦੇ ਹਨ।) ਲਿਖੀ ਗਈ। ਜਨਮਸਾਖੀ ਲਿਖਣ ਦੀ ਇਹ ਪਰੰਪਰਾ ਜਾਰੀ ਰਹੀ **ਬਾਲੇ ਵਾਲੀ ਜਨਮ ਸਾਖੀ, ਜਨਮਸਾਖੀ ਸੋਢੀ ਮਹਰਿਬਾਨ ਕੀ** ਤੇ '**ਭਾਈ ਮਨੀ ਸਿੰਘ ਵਾਲੀ ਜਨਮ ਸਾਖੀ**' ਆਦਿ ਜਨਮ ਸਾਖੀਆਂ ਇਸ ਪਰੰਪਰਾ ਦਾ ਅੰਗ ਹਨ।[5] ਇਨ੍ਹਾਂ ਜਨਮਸਾਖੀਆਂ ਅਨੁਸਾਰ ਬਾਬਾ ਨਾਨਕ ਦੇ ਜੀਵਨ ਵਿੱਚ ਵਾਪਰੀਆਂ ਘਟਨਾਵਾਂ ਦੇ ਬਿਆਨ ਵਿੱਚ ਕਹਾਣੀ ਮੌਜੂਦ ਹੈ, ਜਿਸ ਵਿੱਚ ਪਾਤਰ ਹਨ, ਘਟਨਾਵਾਂ ਹਨ, ਵਾਰਤਾਲਾਪ ਹੈ। ਕਈ ਥਾਵਾਂ ਉੱਤੇ ਜਿਵੇਂ ਕਿ 'ਵਸਦਾ ਰਹੇ, ਉੱਜੜ

---

1 ਏ. ਜੇ. ਜੇ ਰਿਟਕਲਿਫ਼, ਹਵਾਲਾ, ਸਵਿੰਦਰ ਸਿੰਘ ਉੱਪਲ, **ਪੰਜਾਬੀ ਕਹਾਣੀਕਾਰ**, ਸਫ਼ਾ 2 .

2 ਬਰੇਡਰ ਮੈਥੀਊਜ਼, **ਦੀ ਫ਼ਿਲਾਸਫ਼ੀ ਆਫ਼ ਸ਼ਾਰਟ ਸਟੋਰੀ**, ਹਵਾਲਾ, ਸਵਿੰਦਰ ਸਿੰਘ ਉੱਪਲ, ਸਫ਼ਾ 24

3 ਈ. ਏ. ਪੋ. ਹਵਾਲਾ, ਸਵਿੰਦਰ ਸਿੰਘ ਉੱਪਲ, ਸਫ਼ਾ 21

4 **ਪੰਜਾਬੀ ਸਾਹਿੱਤ ਦਾ ਇਤਿਹਾਸ** (ਮੱਧਕਾਲ) ਸਫ਼ੇ : 23-36

5 ਦੇਖੋ : ਕਿਰਪਾਲ ਸਿੰਘ, **ਜਨਮਸਾਖੀ ਪਰੰਪਰਾ**

ਜਾਵੇ' ਤੇ 'ਦੂਨੀ ਚੰਦ ਨਿਸਤਾਰਾ' ਆਦਿ ਵਿੱਚ ਬਿਆਨ. ਨਿੱਕੀ ਕਹਾਣੀ ਤੋਂ ਉਮੀਦ ਕੀਤੀ ਜਾਂਦੀ ਹੈ 'ਪ੍ਰਭਾਵ ਦੀ ਏਕਤਾ' ਦੇ ਹਾਣ ਦੀ ਹੈ। ਇਨ੍ਹਾਂ ਅਰਥਾਂ ਵਿੱਚ ਜਨਮਸਾਖੀ ਨੇ. ਨਿਸ਼ਚੇ ਹੀ ਪੰਜਾਬੀ ਨਿੱਕੀ ਕਹਾਣੀ ਦੇ ਨਿਕਾਸ (ਤੇ ਵਿਕਾਸ) ਵਿੱਚ ਆਪਣਾ ਸੀਰ ਪਾਇਆ ਹੈ।

**ੲ) ਕਿੱਸਾ** : ਦਮੋਦਰ (ਅਕਬਰ ਦਾ ਸਮਕਾਲੀ) ਨੇ ਹੀ ਸਭ ਤੋਂ ਪਹਿਲਾਂ ਕਿੱਸਾ-ਹੀਰ ਲਿਖਿਆ। ਬਾਅਦ ਵਿੱਚ ਮੁਕਬਲ (18ਵੀਂ ਸਦੀ ਵਿੱਚ) ਤੇ ਵਾਰਿਸ ਸ਼ਾਹ (1735-1784) ਨੇ ਹੀਰ ਦੀ ਕਹਾਣੀ ਨੂੰ ਆਪਣੇ ਕਿੱਸਿਆਂ ਦਾ ਮਜ਼ਬੂਨ ਬਣਾਇਆ। ਹੀਰ ਦੀ ਕਹਾਣੀ ਤੋਂ ਅਲਾਵਾ ਮਿਰਜ਼ਾ-ਸਾਹਿਬਾਂ. ਸੱਸੀ-ਪੁੰਨੂ ਤੇ ਸੋਹਣੀ-ਮਹੀਵਾਲ ਦੇ ਇਸ਼ਕ ਨੂੰ ਅਨੇਕਾਂ ਕਵੀਆਂ ਨੇ ਗਾਇਆ। ਪਰ ਸਭ ਤੋਂ ਵੱਧ ਪ੍ਰਸਿੱਧੀ ਪੀਲੂ ਦੇ ਮਿਰਜ਼ੇ. ਸੱਸੀ-ਹਾਸ਼ਮ ਤੇ ਸੋਹਣੀ-ਫਜ਼ਲ ਸ਼ਾਹ ਨੂੰ ਹੀ ਪ੍ਰਾਪਤ ਹੋਈ। ਇਸ ਗੱਲ ਦਾ ਪ੍ਰਮਾਣ ਇੱਥੋਂ ਲਾਇਆ ਜਾ ਸਕਦਾ ਹੈ ਕਿ ਕਿੱਸੇ ਦੇ ਪਾਤਰਾਂ ਨਾਲ ਹੀ ਇਨ੍ਹਾਂ ਕਵੀਆਂ ਦੇ ਨਾਂ ਜੁੜ ਗਏ। ਇਹੀ ਗੱਲ ਹੀਰ ਦੇ ਕਿੱਸੇ ਬਾਰੇ ਵੀ ਕਹੀ ਜਾ ਸਕਦੀ ਹੈ. ਜਿਵੇਂ : ਹੀਰ-ਦਮੋਦਰ. ਹੀਰ-ਮੁਕਬਲ ਤੇ ਹੀਰ-ਵਾਰਿਸ ਆਦਿ। ਇਨ੍ਹਾਂ ਇਸ਼ੱਕ-ਕਹਾਣੀਆਂ ਤੋਂ ਅਲਾਵਾ ਸ਼ੀਰੀ ਫਰਹਾਦ ਤੇ ਲੈਲਾ-ਮਜਨੂੰ ਦੇ ਪਾਕ ਇਸ਼ਕ ਦੇ ਵੀ ਸੋਹਿਲੇ ਗਾਏ ਗਏ ਹਨ। ਇਨ੍ਹਾਂ ਇਸ਼ਕ ਦੇ ਕਿੱਸਿਆਂ ਦਾ ਪੰਜਾਬੀ ਮਨ ਉੱਤੇ ਡੂੰਘਾ ਪ੍ਰਭਾਵ ਪਿਆ। ਪਰ, ਨਾਲ ਹੀ ਕਾਦਰ ਯਾਰ (ਜਨਮ 1805) ਦੇ ਪੂਰਨ ਭਗਤ ਨੇ ਪੰਜਾਬੀ ਮਨ ਉੱਤੇ ਘੱਟ ਜਾਦੂ ਨਹੀਂ ਕੀਤਾ। ਇਹ ਸਾਰੇ ਕਿੱਸੇ ਆਪਣੇ ਆਪ ਵਿੱਚ ਲੰਮੀਆਂ ਕਹਾਣੀਆਂ ਹਨ. ਜਿਨ੍ਹਾਂ ਨੂੰ ਕਵਿਤਾ ਵਿੱਚ ਬਿਆਨ ਕੀਤਾ ਗਿਆ। ਇਨ੍ਹਾਂ ਦੇ ਪੰਜਾਬੀ ਨਿੱਕੀ ਕਹਾਣੀ ਨਾਲ ਸਾਹਿੱਤਕ ਰਿਸ਼ਤੇ ਦਾ ਇੱਥੋਂ ਪਤਾ ਲੱਗਦਾ ਹੈ ਕਿ ਕਈ ਕਹਾਣੀਕਾਰਾਂ ਨੇ ਇਨ੍ਹਾਂ ਨੂੰ ਵਾਰਤਕ ਵਿੱਚ ਨਿੱਕੀ ਕਹਾਣੀ ਦਾ ਰੂਪ ਦਿੱਤਾ ਹੈ। ਕਹਾਣੀ ਤੇ ਕਿੱਸੇ ਦੇ ਆਪਸੀ ਪ੍ਰਭਾਵ ਦਾ ਅੰਦਾਜ਼ਾ ਇੱਥੋਂ ਵੀ ਲਾਇਆ ਜਾ ਸਕਦਾ ਹੈ ਅਸੀਂ ਕਿੱਸਾ ਕਹਾਣੀ ਸਮਾਸਾਂ ਦੀ ਇੱਕਸਾਹੇ ਵਰਤੋਂ ਕਰਦੇ ਹਾਂ।

ਸੰਖੇਪ ਵਿੱਚ. ਨਿੱਕੀ ਕਹਾਣੀ ਦੇ ਆਲੋਚਕਾਂ ਨੇ ਇਸ ਗੱਲ ਨੂੰ. ਖੁਲ੍ਹੇ ਮਨ ਨਾਲ. ਸਵੀਕਾਰ ਕੀਤਾ ਹੈ ਕਿ ਵਾਰ. ਜਨਮਸਾਖੀ ਤੇ ਕਿੱਸਾ-ਕਾਵਿ ਨੇ ਪੰਜਾਬੀ ਨਿੱਕੀ ਕਹਾਣੀ ਦੀ ਸਾਹਿੱਤਿਕ ਰੂਪ-ਰੇਖਾ ਦੀ ਘਾੜਤ ਵਿੱਚ ਬਰਾਬਰ ਹਿੱਸਾ ਪਾਇਆ ਹੈ। ਇਨ੍ਹਾਂ ਤਿੰਨਾਂ ਰੂਪਾਂ ਵਿੱਚ ਕੋਈ ਘਟਨਾ ਵਾਪਰਦੀ ਹੈ. ਉਸ ਦਾ ਆਦ ਤੇ ਅੰਤ ਹੁੰਦਾ ਹੈ ਤੇ ਉਸ ਵਿੱਚ ਪਾਤਰਾਂ ਦੀ ਉਸਾਰੀ ਕੀਤੀ ਹੋਈ ਮਿਲਦੀ ਹੈ।

## 17.3.2 ਪੰਜਾਬੀ ਨਿੱਕੀ ਕਹਾਣੀ ਦੇ ਇਤਿਹਾਸਿਕ ਦੌਰ

ਪੰਜਾਬੀ ਵਿੱਚ ਨਿੱਕੀ ਕਹਾਣੀ ਸੁਤੰਤਰ ਸਾਹਿੱਤ ਦੇ ਰੂਪ ਵਿੱਚ ਇਸੇ ਸਦੀ ਦੇ ਸ਼ੁਰੂ ਵਿੱਚ ਲਿਖਣੀ ਅਰੰਭ ਹੋਈ। ਇਹੀ ਪੰਜਾਬੀ ਨਿੱਕੀ ਕਹਾਣੀ ਦਾ ਪਹਿਲਾ ਦੌਰ ਹੈ। ਇਹ ਦੱਸਣਾ ਬੜਾ ਮੁਸ਼ਕਲ ਹੈ ਕਿ ਪੰਜਾਬੀ ਵਿੱਚ ਪਹਿਲੀ ਨਿੱਕੀ ਕਹਾਣੀ ਕਿਸ ਨੇ ਤੇ ਕਦੋਂ ਲਿਖੀ ਨਾਲੇ. ਉਸ ਕਹਾਣੀ ਦਾ ਨਾਂ ਕੀ ਸੀ. ਪੰਜਾਬੀ ਦੀ ਨਿੱਕੀ ਕਹਾਣੀ ਦੇ ਇਸ ਪਹਿਲੇ ਦੌਰ ਦਾ ਜ਼ਿਕਰ ਕਰਦਿਆਂ ਭਾਈ ਵੀਰ ਸਿੰਘ. ਭਾਈ ਮੋਹਨ ਸਿੰਘ ਵੈਦ ਤੇ ਗਿਆਨੀ ਹੀਰਾ ਸਿੰਘ 'ਦਰਦ' ਦਾ ਖ਼ਾਸ ਤੌਰ ਉੱਤੇ ਨਾਂ ਲਿਆ ਜਾਂਦਾ ਹੈ। ਭਾਈ ਵੀਰ ਸਿੰਘ (1872-1957) ਨੇ ਉਚੇਚੇ ਤੌਰ ਉੱਤੇ ਨਿੱਕੀ ਕਹਾਣੀ ਦੀ. ਸ਼ਾਇਦ. ਰਚਨਾ ਨਹੀਂ ਕੀਤੀ। ਉਨ੍ਹਾਂ ਟ੍ਰੈਕਟਾਂ ਰਾਹੀਂ ਹੀ ਆਪਣੇ ਧਾਰਮਿਕ ਵਿਚਾਰਾਂ ਦਾ ਪ੍ਰਚਾਰ ਕੀਤਾ। ਇਹ ਟ੍ਰੈਕਟ. ਨਿਸ਼ਚੇ ਹੀ. ਨਿੱਕੀ ਕਹਾਣੀ ਦਾ ਮੁੱਢਲਾ ਰੂਪ ਹਨ।

ਭਾਈ ਮੋਹਨ ਸਿੰਘ ਵੈਦ (1881-1936) ਵੀ ਚੂੰਕਿ ਭਾਈ ਵੀਰ ਸਿੰਘ ਵਾਂਗ ਹੀ ਸਿੰਘ ਸਭਾ ਦੇ ਪ੍ਰਭਾਵ ਹੇਠ ਲਿਖਦੇ ਰਹੇ. ਇਨ੍ਹਾਂ ਦੇ ਕਹਾਣੀ-ਸੰਗ੍ਰਹਿ—'ਹੀਰੇ ਦੀਆਂ ਕਹਾਣੀਆਂ' ਤੇ 'ਕਿਸਮਤ ਦਾ ਚਕਰ' ਆਦਿ ਵਿੱਚ ਮਿਲਦੀਆਂ ਕਹਾਣੀਆਂ ਵੀ ਧਰਮ ਦੇ ਪ੍ਰਚਾਰ ਨੂੰ ਹੀ ਪਹਿਲ ਦੇਂਦੀਆਂ ਹਨ।

ਗਿਆਨੀ ਹੀਰਾ ਸਿੰਘ 'ਦਰਦ' ਦੀ ਪਹਿਲੀ ਵਫ਼ਾ ਸਿਆਸਤ ਪ੍ਰਤੀ ਸੀ। ਗਿਆਨੀ ਜੀ ਦੀ ਨਜ਼ਰ. ਧਰਮ ਦੇ ਪ੍ਰਚਾਰ ਉੱਤੇ ਨਹੀਂ ਬਲਕਿ. ਸਮਕਾਲੀ ਦੌਰ ਵਿੱਚ. ਧਰਮ ਦੇ ਪਰਦੇ ਵਿੱਚ ਆ ਗਈਆਂ ਕੁਰੀਤੀਆਂ ਉੱਤੇ ਚੋਟ ਦੁਆਰਾ ਸਮਾਜ ਵਿੱਚ ਸੁਧਾਰ ਲਿਆਉਣ ਉੱਤੇ ਟਿੱਕੀ ਰਹੀ। ਇਨ੍ਹਾਂ ਦੀ ਕਹਾਣੀ 'ਪੀਰ ਗਾਲ੍ਹੜ ਸ਼ਾਹ' ਦਾ ਕੋਈ ਜਵਾਬ ਨਹੀਂ!

ਚਰਨ ਸਿੰਘ 'ਸ਼ਹੀਦ' ਨਾਨਕ ਸਿੰਘ ਤੇ ਗੁਰਬਖਸ਼ ਸਿੰਘ 'ਪ੍ਰੀਤ ਲੜੀ' ਦੀਆਂ ਕਹਾਣੀਆਂ ਨਾਲ ਪੰਜਾਬੀ ਨਿੱਕੀ ਕਹਾਣੀ ਦੂਜੇ ਦੌਰ ਵਿੱਚ ਪ੍ਰਵੇਸ਼ ਕਰਦੀ ਹੈ। ਚਰਨ ਸਿੰਘ ਸ਼ਹੀਦ (1893-1935) ਦੀ ਪੰਜਾਬੀ ਸਾਹਿੱਤ ਨੂੰ ਵੱਡਮੁੱਲੀ ਦੇਣ ਹੈ ਹਾਸ ਰਾਸ। ਇਨ੍ਹਾਂ ਦੇ ਹਾਸ ਰਸ ਵਿੱਚ ਸਵੱਛ ਵਿਅੰਗ ਹੈ। ਜਿਸ ਨੂੰ ਸਮਾਜ ਦੇ ਸੁਧਾਰ ਲਈ ਸਫ਼ਲ ਰੂਪ ਵਿੱਚ ਵਰਤੋਂ ਵਿੱਚ ਲਿਆਉਂਦਾ। 'ਸ਼ਹੀਦ' ਹੋਰਾਂ ਦੀ ਇੱਕੋ-ਇੱਕ 'ਹੱਸਦੇ ਹੰਝੂ' ਨਾਂ ਦਾ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਇਆ ਹੈ। ਇਸੇ ਸੰਗ੍ਰਹਿ ਵਿੱਚ ਸ਼ਾਮਿਲ ਉਨ੍ਹਾਂ ਦੀ 'ਇਸਤ੍ਰੀ ਸਭਾ' ਨਾਂ ਦੀ ਕਹਾਣੀ ਬੇ-ਮਿਸਾਲ ਹੈ। 'ਸ਼ਹੀਦ' ਹੋਰਾਂ ਦੀ ਇੱਕ ਹੋਰ ਦੇਣ ਪਾਤਰਾਂ ਦੇ ਖੇਤਰ ਵਿੱਚ ਹੈ। 'ਬਾਬਾ ਵਰਿਆਮਾ' 'ਸ਼ਹੀਦ' ਹੋਰਾਂ ਦਾ ਅਮਰ ਪਾਤਰ ਹੈ। ਪਾਤਰ ਪ੍ਰਧਾਨ ਕਹਾਣੀ ਇਸੇ ਵਿਧੀ ਦਾ ਹੀ ਵਿਕਾਸ ਕਿਹਾ ਜਾ ਸਕਦਾ ਹੈ।

ਨਾਨਕ ਸਿੰਘ (1897-1971) ਪ੍ਰਮੁੱਖ ਤੌਰ ਉੱਤੇ ਤਾਂ ਨਾਵਲਕਾਰ ਹੈ। ਸ਼ਾਇਦ ਰਿਲੈਕਸ ਕਰਨ ਦੇ ਬਹਾਨੇ. ਕਦੀ-ਕਦੀ ਕਹਾਣੀਆਂ ਵੀ ਲਿਖਦੇ ਰਹੇ। ਇੱਕ ਲੰਮੇ ਅਰਸੇ ਦੀ ਗਲਪ-ਸਾਧਨਾ ਦੇ ਦੌਰਾਨ ਉਨ੍ਹਾਂ ਦੇ 'ਹੰਝੂਆਂ ਦੇ ਹਾਰ', 'ਸਧਰਾਂ ਦੇ ਹਾਰ', 'ਮਿੱਧੇ ਹੋਏ ਫੁੱਲ', 'ਠੰਡੀਆਂ ਛਾਵਾਂ', 'ਸੁਨਹਿਰੀ ਜਿਲਦ' ਤੇ 'ਸੁਫਨਿਆਂ ਦੀ ਕਬਰ' ਇਹ ਛੇ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ। ਭਾਵੇਂ ਨਾਵਲ ਹੋਵੇ ਜਾਂ ਕਹਾਣੀ ਨਾਨਕ ਸਿੰਘ ਹੋਰਾਂ ਦੀ ਨਜ਼ਰ ਸਮਾਜਿਕ ਰਿਸ਼ਤਿਆਂ ਉੱਪਰ ਹੀ ਰਹੀ ਹੈ। ਇੱਕ ਸੁਹਿਰਦ ਲੇਖਕ ਹੋਣ ਦੇ ਨਾਤੇ ਉਨ੍ਹਾਂ ਦੀ ਰੀਝ ਸੀ ਕਿ. ਸਭਨਾਂ ਦੇ ਭਲੇ ਹਿੱਤ. ਸਮਾਜਿਕ ਰਿਸ਼ਤਿਆਂ ਦੀ ਨਵੇਂ ਸਿਰਿਉਂ ਉਸਾਰੀ ਹੋਣੀ ਚਾਹੀਦੀ ਹੈ।

ਗੁਰਬਖਸ਼ ਸਿੰਘ, 'ਪ੍ਰੀਤਲੜੀ' (1895-1977) ਨੂੰ ਪੱਤਰਕਾਰ-ਸਾਹਿੱਤਕਾਰ ਦੇ ਤੌਰ ਉੱਤੇ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਨੇ ਜੋ ਵੀ ਲਿਖਿਆ ਆਪਣੀ ਮਾਸਿਕ ਪਤ੍ਰਿਕਾ 'ਪ੍ਰੀਤਲੜੀ' ਵਾਸਤੇ ਹੀ ਲਿਖਿਆ। ਉਨ੍ਹਾਂ ਦੀਆਂ ਕਹਾਣੀਆਂ ਵੀ ਪਹਿਲੇ ਇਸੇ ਪੱਤਰ ਵਿੱਚ ਛਪੀਆਂ। ਬਾਅਦ ਵਿੱਚ ਇਹ ਕਹਾਣੀ-ਸੰਗ੍ਰਹਿ ਦੇ ਰੂਪ ਵਿੱਚ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਦੇ ਕਹਾਣੀ ਸੰਗ੍ਰਿਹਾਂ ਦੇ ਨਾਂ ਹਨ—'ਪ੍ਰੀਤ ਕਹਾਣੀਆਂ', 'ਨਾਗ ਪ੍ਰੀਤ ਦਾ ਜਾਦੂ', 'ਅਨੋਖੇ ਤੇ ਇੱਕਲੇ', 'ਵੀਣਾ ਵਿਨੋਦ', 'ਸ਼ਬਨਮ', 'ਭਾਬੀ ਮੈਨਾ' ਤੇ ਹੋਰ ਕਹਾਣੀਆਂ, 'ਆਖਰੀ ਸਬਕ ਤੇ ਹੋਰ ਕਹਾਣੀਆਂ', 'ਪ੍ਰੀਤਾਂ ਦੇ ਪਹਿਰੇਦਾਰ', 'ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ' ਤੇ 'ਜ਼ਿੰਦਗੀ ਵਾਰਿਸ ਹੈ'। ਗੁਰਬਖਸ਼ ਸਿੰਘ ਹੋਰਾਂ ਜਿੰਨ੍ਹਾਂ ਨੂੰ ਲੋਕੀ 'ਦਾਰ ਜੀ' ਕਹਿ ਕੇ ਬੁਲਾਂਦੇ ਸਨ, ਸਾਹਿਤਿਕ ਕਿਰਤਾਂ ਵਿੱਚ ਆਪਣੇ ਜੀਵਨ-ਫ਼ਲਸਫ਼ੇ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦੀ ਹੀ ਤਰਜਮਾਨੀ ਕੀਤੀ। ਉਨ੍ਹਾਂ ਦੇ ਮਾਰਕਸਵਾਦੀ ਹੋਣ ਦੀ ਵੀ ਗੱਲ ਕੀਤੀ ਜਾਂਦੀ ਹੈ।

ਪੰਜਾਬੀ ਦੇ ਸਿਰਮੌਰ ਕਹਾਣੀਕਾਰ ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਤੇ ਕਰਤਾਰ ਸਿੰਘ ਦੁੱਗਲ ਨਿੱਕੀ ਕਹਾਣੀ ਦੇ ਤੀਜੇ ਦੌਰ ਦੀ ਬੇਮਿਸਾਲ ਪ੍ਰਾਪਤੀ ਹਨ। ਸੰਤ ਸਿੰਘ ਸੇਖੋਂ (ਜਨਮ 1908) ਹੋਰਾਂ ਦੀ ਬੌਧਿਕ ਪਿਛੋਕੜ ਚੋਖੀ ਅਮੀਰ ਹੈ। ਅਰਥ-ਸ਼ਾਸਤਰ ਤੇ ਅੰਗਰੇਜ਼ੀ ਸਾਹਿੱਤ ਦੇ ਅਧਿਐਨ ਤੇ ਅਧਿਆਪਨ ਨੇ ਇਨ੍ਹਾਂ ਦੀ ਸਾਹਿੱਤ-ਸਾਧਨਾ ਵਿੱਚ ਨਿਖਾਰ ਲਿਆਂਦਾ। ਵਿਚਾਰਧਾਰਾ ਲਈ ਉਨ੍ਹਾਂ ਮਾਰਕਸਵਾਦ ਤੋਂ ਪ੍ਰੇਰਨਾ ਪ੍ਰਾਪਤ ਕੀਤੀ ਤੇ ਸਾਹਿੱਤ ਸਿਰਜਨਾ ਲਈ ਅੰਗਰੇਜ਼ੀ ਸਾਹਿੱਤ ਤੋਂ। ਇਹੀ ਕਾਰਨ ਹੈ ਕਿ ਸੇਖੋਂ ਹੋਰਾਂ ਦੀ ਕਹਾਣੀ ਕਲਾ ਤੇ ਵਿਚਾਰ ਦੋਹਾਂ ਪੱਖਾਂ ਤੋਂ ਰਸੀ ਹੋਈ ਮੰਨੀ ਜਾਂਦੀ ਹੈ। ਕਹਾਣੀਆਂ ਤੋਂ ਅਲਾਵਾ ਇਨ੍ਹਾਂ ਨੇ ਆਲੋਚਨਾ ਦੇ ਨਵੇਂ ਮਿਆਰ ਕਾਇਮ ਕੀਤੇ। ਨਾਲੇ, ਨਾਟਕ ਤੇ ਨਾਵਲ ਵੀ ਲਿਖੇ। ਸ਼ਾਇਦ ਇਸੇ ਲਈ ਗਿਣਤੀ ਦੇ ਪੱਖੋਂ ਬਹੁਤ ਕਹਾਣੀ-ਸੰਗ੍ਰਹਿ ਨਹੀਂ ਦੇ ਸਕੇ। ਉਨ੍ਹਾਂ ਦੇ 'ਸਮਾਚਾਰ', ਕਾਮੇ ਤੇ ਯੋਧੇ', 'ਬਾਰਾਂਦਰੀ', 'ਅੱਧੀਵਾਟ' ਤੇ 'ਤੀਜਾ ਪਹਿਰ' ਇਹ ਪੰਜ ਕਹਾਣੀ-ਸੰਗ੍ਰਹਿ ਹੀ ਪ੍ਰਕਾਸ਼ਿਤ ਹੋਏ ਹਨ। 'ਪ੍ਰੇਮੀ ਦੇ ਨਿਆਣੇ' ਤੇ 'ਹਲਵਾਹ' ਸੇਖੋਂ ਹੋਰਾਂ ਦੀਆਂ ਇਹ ਦੋ ਅਮਰ ਕਹਾਣੀਆਂ ਹਨ।

ਕਹਾਣੀਕਾਰ ਸੁਜਾਨ ਸਿੰਘ (ਜਨਮ 1909) ਹੋਰਾਂ ਦਾ ਚਿੰਤਨ ਵੀ ਮਾਰਕਸਵਾਦ ਤੋਂ ਪ੍ਰਭਾਵਿਤ ਹੈ। ਇਨ੍ਹਾਂ ਦੀ ਨਜ਼ਰ, ਬਹੁਤਾ ਕਰਕੇ, ਸਮਾਜ ਦੇ ਨੀਵੇਂ ਵਰਗ ਦੇ ਲੋਕਾਂ ਦੀ ਗਰੀਬੀ ਵਿੱਚੋਂ ਪੈਦਾ ਹੋਈਆਂ ਮਜ਼ਬਰੀਆਂ ਦੇ ਸੱਚੇ ਵਿੱਚ ਘੜੀ ਗਈ ਮਾਨਸਿਕਤਾ ਉੱਪਰ ਰਹੀ ਹੈ। ਇਹ ਲੋਕੀ ਕਦੀ ਕਦੀ ਰੋਸ ਵੀ ਪ੍ਰਗਟ ਕਰਦੇ ਹਨ ਤੇ ਕਦੀ ਵਿਦ੍ਰੋਹ ਵੀ। ਸੁਜਾਨ ਸਿੰਘ ਹੋਰਾਂ 'ਦੁੱਖ-ਸੁੱਖ', 'ਦੁੱਖ ਸੁੱਖ ਤੋਂ ਬਾਅਦ', 'ਸਭਰੰਗ', 'ਨਰਕਾਂ ਦੇ ਦੇਵਤੇ', 'ਮਨੁੱਖ ਤੇ ਪਸ਼ੂ', 'ਨਵਾਂ ਰੰਗ', ਆਦਿ ਕਹਾਣੀ-ਸੰਗ੍ਰਹਿ ਵਿੱਚ ਉਪਰੋਕਤ ਬਿਆਨ ਮਾਨਸਿਕਤਾ ਨੂੰ ਹੀ ਪੇਸ਼ ਕਰਨ ਦੇ ਜਤਨ ਕੀਤੇ ਹਨ। 'ਰਜ਼ਾਈ', 'ਕੁਲਫ਼ੀ' ਤੇ 'ਰਾਸ-ਲੀਲਾ' ਸੁਜਾਨ ਸਿੰਘ ਹੋਰਾਂ ਦੀਆਂ ਬਹੁਤ ਹੀ ਸਫ਼ਲ ਕਹਾਣੀਆਂ ਹਨ।

ਇਹੀ ਤੀਜਾ ਦੌਰ ਪੰਜਾਬੀ ਨਿੱਕੀ ਕਹਾਣੀ ਦੇ ਇਤਿਹਾਸ ਵਿੱਚ ਮੀਲ-ਪੱਥਰ ਬਣਿਆ। ਇਸੇ ਦੌਰ ਦੇ ਇੱਕ ਹੋਰ ਸਿਰਮੌਰ ਕਹਾਣੀਕਾਰ ਹਨ—ਕਰਤਾਰ ਸਿੰਘ ਦੁੱਗਲ। ਇਨ੍ਹਾਂ ਬਾਰੇ ਵਿਸਤਾਰ ਪੂਰਬਕ ਚਰਚਾ ਅਸੀਂ ਅੱਗੇ ਚਲ ਕੇ ਕਰਾਂਗੇ।

ਚੌਥੇ ਦੌਰ ਦੇ ਕਹਾਣੀਕਾਰਾਂ ਦੀ ਸੂਚੀ ਬਹੁਤ ਲੰਮੀ ਹੈ। ਫੇਰ ਵੀ, ਕੁਲਵੰਤ ਸਿੰਘ ਵਿਰਕ, ਅਮ੍ਰਿਤਾ ਪ੍ਰੀਤਮ, ਸੰਤੋਖ ਸਿੰਘ ਧੀਰ, ਮਹਿੰਦਰ ਸਿੰਘ ਜੋਸ਼ੀ, ਨਵਤੇਜ ਸਿੰਘ, ਮਹਿੰਦਰ ਸਿੰਘ ਸਰਨਾ, ਲੋਚਨ ਬਖਸ਼ੀ, ਗੁਰਦਿਆਲ ਸਿੰਘ, ਅਜੀਤ ਕੌਰ, ਗੁਲਜ਼ਾਰ ਸਿੰਘ ਸੰਧੂ, ਦਲੀਪ ਕੌਰ ਟਿਵਾਣਾ, ਬੂਟਾ ਸਿੰਘ ਤੇ ਜਸਵੰਤ ਸਿੰਘ ਵਿਰਦੀ, ਇਹ ਨਾਂ ਕੁੱਝ ਅਜਿਹੇ ਹਨ ਜਿਨ੍ਹਾਂ ਤੋਂ ਬਿਨਾਂ ਇਸ ਚੌਥੇ ਦੌਰ ਦੀ ਤਸਵੀਰ ਮੁਕੰਮਲ ਨਹੀਂ ਕਹੀ ਜਾ ਸਕਦੀ। ਇਨ੍ਹਾਂ ਵਿੱਚੋਂ ਵੀ ਕੁਲਵੰਤ ਸਿੰਘ ਵਿਰਕ ਤੇ ਅਜੀਤ ਕੌਰ ਇਹੀ ਦੋ ਕਹਾਣੀਕਾਰ ਹਨ ਜਿਨ੍ਹਾਂ ਨੇ ਪੰਜਾਬੀ ਨਿੱਕੀ ਕਹਾਣੀ ਦੇ ਖੇਤਰ ਵਿੱਚ ਨਵੇਂ ਹਸਤਾਖਰ ਕੀਤੇ ਹਨ। ਕੁਲਵੰਤ ਸਿੰਘ ਵਿਰਕ (ਜਨਮ 1921) ਨੇ ਆਪਣੀ ਸਮੁੱਚੀ ਸਾਹਿੱਤਿਕ-ਪ੍ਰਤਿਭਾ ਇੱਕੋ ਸਾਹਿੱਤ-ਰੂਪ ਅਰਥਾਤ ਨਿੱਕੀ ਕਹਾਣੀ ਵਿੱਚ ਹੀ ਪ੍ਰਗਟ ਕੀਤੀ ਹੈ। ਉਨ੍ਹਾਂ ਦੀ ਕਹਾਣੀ ਦੀ ਕਲਾਤਮਿਕ ਵਡਿੱਤਣ ਦਾ, ਸ਼ਾਇਦ ਇੱਕ ਕਾਰਨ ਇਹ ਵੀ ਹੈ। ਇਸੇ ਪ੍ਰਕਾਰ ਵਿਰਕ ਹੋਰਾਂ ਇੱਕ ਬੜਾ ਹੀ ਸੀਮਿਤ ਤੇ ਨਿਸ਼ਚਿਤ ਜੀਵਨ-ਖੇਤਰ ਚੁਣਿਆ। ਉਨ੍ਹਾਂ ਦੀਆਂ ਕਹਾਣੀਆਂ ਦਾ ਪਿਛੋਕੜ ਪੇਂਡੂ ਪੰਜਾਬ ਹੈ ਤੇ ਇਸ ਪਿਛੋਕੜ ਵਿੱਚ ਲਿਖੀਆਂ ਗਈਆਂ ਬਹੁਤੀਆਂ ਕਹਾਣੀਆਂ ਕਿਸਾਨ ਦੇ ਜੀਵਨ ਨਾਲ ਹੀ ਜੁੜੀਆਂ ਹੋਈਆਂ ਹਨ। ਵਿਰਕ ਹੋਰਾਂ ਦੇ ਇਹ ਸੱਤ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ : 'ਛਾਹ ਵੇਲਾ', 'ਧਰਤੀ ਤੇ ਆਕਾਸ਼', 'ਤੂੜੀ ਦੀ ਪੰਡ', 'ਏਕਸ ਕੇ ਹਮ ਬਾਰਕ' 'ਦੁੱਧ ਦਾ ਛੱਪੜ', 'ਗੋਲ੍ਹਾਂ' ਤੇ 'ਨਵੇਂ ਲੋਕ'। 'ਖਬਲ' ਤੇ 'ਦੁੱਧ ਦਾ ਛੱਪੜ' ਵਿਰਕ ਦੀਆਂ ਅਮਰ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ।

ਇਸ ਦੌਰ ਦੀ ਦੂਜੀ ਲੋ ਹੈ—ਅਜੀਤ ਕੌਰ। ਅਜੀਤ ਕੌਰ (ਜਨਮ 1934) ਦੇਸ਼ ਵੰਡ ਤੋਂ ਬਾਅਦ ਲਾਹੌਰ ਤੋਂ ਦਿੱਲੀ ਆ ਗਈ। ਅੱਜ ਤਕ ਦਿੱਲੀ ਵਿੱਚ ਹੀ ਰਹਿ ਰਹੀ ਹੈ। ਇਨ੍ਹਾਂ ਦੀ ਕਹਾਣੀ ਦਾ ਮੁੱਖ ਪਾਤਰ ਔਰਤ ਹੈ ਜੋ ਦਿੱਲੀ ਵਰਗੇ ਮਹਾਂ ਨਗਰ ਵਿੱਚ ਵਿਚਰ ਰਹੀ ਹੈ। ਇਹ ਔਰਤ ਪੂਰੀ ਤਰ੍ਹਾਂ ਆਜ਼ਾਦ ਹੋ ਕੇ ਆਪਣਾ ਜੀਵਨ ਬਤੀਤ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਜੀਵਨ ਦੀ ਅਜਿਹੀ ਸ਼ੈਲੀ ਅਪਣਾਉਣ ਨਾਲ ਮੁਸ਼ਕਿਲਾਂ ਦਾ ਪੇਸ਼ ਆਉਣਾ ਜ਼ਰੂਰੀ ਹੋ ਜਾਂਦਾ ਹੈ। ਇਹ ਮੁਸ਼ਕਿਲਾਂ ਹੀ ਅਜੀਤ ਕੌਰ ਦੀ ਕਹਾਣੀ ਦਾ ਕੇਂਦਰ-ਬਿੰਦੂ ਬਣਦੀਆਂ ਹਨ। 'ਗੁਲਬਾਨੋ', 'ਮਹਿਕ ਦੀ ਮੌਤ', ਤੇ 'ਬੁਤ ਸ਼ਿਕਨ' ਅਜੀਤ ਕੌਰ ਦੇ ਵਰਣਨਯੋਗ ਕਹਾਣੀ ਸੰਗ੍ਰਹਿ ਹਨ। 'ਗੁਲਬਾਨੋ' ਨਾਂ ਦੀ ਕਹਾਣੀ ਨੂੰ ਸਭ ਤੋਂ ਵੱਧ ਪ੍ਰਸਿੱਧੀ ਪ੍ਰਾਪਤ ਹੋਈ।

ਇਸ ਤੋਂ ਅਗਲੇ ਦੌਰ ਨੂੰ 'ਪੰਜਾਬੀ ਨਿੱਕੀ ਕਹਾਣੀ ਦਾ ਵਰਤਮਾਨ ਦੌਰ' ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਦੌਰ ਵਿੱਚ ਕਹਾਣੀ ਲਿਖਣ ਵਾਲਿਆਂ ਦੇ ਨਾਂ ਗਿਣਾਉਣਾ ਵੀ ਔਖਾ ਕੰਮ ਹੈ। ਪ੍ਰੇਰ, ਮੋਹਨ ਭੰਡਾਰੀ, ਨਵਤੇਜ ਪੁਆਧੀ, ਗੁਰਬਚਨ ਸਿੰਘ ਭੁੱਲਰ, ਚੰਦਨ ਨੇਗੀ ਤੇ ਬਚਿੰਤ ਕੌਰ ਇਹ ਕੁੱਝ ਅਜਿਹੇ ਨਾਂ ਜ਼ਰੂਰ ਹਨ ਜੋ ਨਿੱਕੀ ਕਹਾਣੀ ਦੇ ਖੇਤਰ ਵਿੱਚ ਉੱਭਰ ਕੇ ਸਾਹਮਣੇ ਆ ਰਹੇ ਹਨ। ਇਨ੍ਹਾਂ ਵਿੱਚੋਂ ਕਈਆਂ ਨੇ ਤਿੰਨ-ਤਿੰਨ, ਚਾਰ-ਚਾਰ ਕਹਾਣੀ ਸੰਗ੍ਰਹਿ ਵੀ

ਪ੍ਰਕਾਸ਼ਿਤ ਕੀਤੇ ਹਨ। ਅਜੇ ਇਨ੍ਹਾਂ ਬਾਰੇ ਰਾਏ ਬਣਾਉਣੀ ਉੱਚਿਤ ਨਹੀਂ ਹੋਵੇਗੀ।

### 17.3.3 ਕਹਾਣੀਕਾਰ ਕਰਤਾਰ ਸਿੰਘ ਦੁੱਗਲ

ਕਰਤਾਰ ਸਿੰਘ ਦੁੱਗਲ ਦਾ ਜਨਮ ਸੰਨ 1917 ਵਿੱਚ ਪਿੰਡ ਧਮਿਆਲ ਜ਼ਿਲਾ ਰਾਵਲਪਿੰਡੀ (ਹੁਣ ਪਾਕਿਸਤਾਨ) **ਵਿੱਚ ਹੋਇਆ। ਪੰਜਾਬੀ ਦੇ ਕੁੱਝ ਹੋਰ ਲੇਖਕ ਜਿਵੇਂ ਪ੍ਰੋ: ਮੋਹਨ ਸਿੰਘ, ਹਰਨਾਮ ਸਿੰਘ 'ਸ਼ਾਨ', ਸਵਿੰਦਰ ਸਿੰਘ ਉੱਪਲ** ਸੁਰਿੰਦਰ ਸਿੰਘ ਕੋਹਲੀ ਤੇ ਹਰਚਰਨ ਸਿੰਘ ਸੋਬਤੀ ਵੀ ਇਸੇ ਧਮਿਆਲ ਪਿੰਡ ਦੇ ਜੰਮ-ਪਲ ਹਨ। ਦੁੱਗਲ ਹੋਰਾਂ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਐਮ.ਏ. (ਅੰਗਰੇਜ਼ੀ) ਪਾਸ ਕਰਨ ਤੋਂ ਬਾਅਦ, ਪੰਜਾਬੀ ਦੇ ਲੋਕ-ਸਾਹਿੱਤ ਉੱਪਰ ਖੋਜ-ਕਾਰਜ ਕਰਨਾ ਅਰੰਭਿਆ ਸੀ। ਪਰ, ਖੋਜ-ਕਾਰਜ ਦੇ ਦੌਰਾਨ ਹੀ ਰੇਡੀਓ ਸਟੇਸ਼ਨ, ਲਾਹੌਰ, ਵਿੱਚ ਮੁਲਾਜ਼ਿਮਤ ਕਰਨ ਲੱਗੇ। ਦੇਸ-ਵੰਡ ਮਗਰੋਂ ਭਾਰਤ ਵਿੱਚ ਆ ਕੇ ਆਲ ਇੰਡੀਆ ਰੇਡਿਓ ਦੀ ਨੌਕਰੀ ਸਦਕਾ ਦੁੱਗਲ ਹੋਰਾਂ ਨੂੰ ਭਾਰਤ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਰਹਿਣ ਦਾ ਮੌਕਾ ਮਿਲਦਾ ਰਿਹਾ। ਕਾਫੀ ਲੰਮੇਂ ਅਰਸੇ ਦੀ ਇਸ ਮੁਲਾਜ਼ਿਮਤ ਮਗਰੋਂ ਆਪ ਨੈਸ਼ਨਲ ਬੁੱਕ ਟ੍ਰਸਟ (ਭਾਰਤ ਸਰਕਾਰ) ਦੇ ਸਕੱਤਰ ਬਣੇ। ਬਾਅਦ ਵਿੱਚ ਥੋੜੇ ਸਮੇਂ ਲਈ ਯੋਜਨਾ ਆਯੋਗ (ਭਾਰਤ ਸਰਕਾਰ) ਵਿੱਚ ਕੰਮ ਕਰਨ ਉਪਰੰਤ ਰਿਟਾਇਰ ਹੋਏ। ਰਿਟਾਇਰ ਹੋਣ ਤੋਂ ਬਾਅਦ ਅੱਜ ਤੱਕ ਦਿੱਲੀ ਵਿੱਚ ਹੀ ਰਹਿ ਰਹੇ ਹਨ।

ਦੁੱਗਲ ਹੋਰਾਂ ਦਾ ਪਹਿਲਾ ਕਹਾਣੀ-ਸੰਗ੍ਰਹਿ 'ਸਵੇਰ ਸਾਰ' ਸੰਨ 1940 ਵਿੱਚ ਪ੍ਰਕਾਸ਼ਿਤ ਹੋਇਆ ਸੀ। ਉਸ ਮਗਰੋਂ ਦੁੱਗਲ ਹੋਰਾਂ ਦੇ ਅਨੇਕਾਂ ਕਹਾਣੀ-ਸੰਗ੍ਰਹਿ ਛਪ ਚੁੱਕੇ ਹਨ ਜਿਨ੍ਹਾਂ ਵਿਚੋਂ ਕੁੱਝ ਨਾਂ ਇਸ ਪ੍ਰਕਾਰ ਹਨ : 'ਪਿੱਪਲ ਪਤੀਆਂ', 'ਕੁੜੀ ਕਹਾਣੀ ਕਰਦੀ ਗਈ', 'ਡੰਗਰ', 'ਫੁੱਲ ਤੋੜਨਾ ਮਨ੍ਹਾ ਹੈ', 'ਕਰਾਮਾਤ', 'ਇੱਕ ਛਿੱਟ ਚਾਨਣ ਦੀ' ਤੇ 'ਸੋਨਾਰ ਬੰਗਲਾ' ਆਦਿ। ਕਹਾਣੀ ਤੋਂ ਅਲਾਵਾ ਦੁੱਗਲ ਹੋਰਾਂ ਨਾਵਲ, ਆਲੋਚਨਾ ਤੇ ਰੇਡੀਓ ਨਾਟਕ ਦੇ ਖੇਤਰ ਵਿੱਚ ਵੀ ਸਲਾਹੁਣਯੋਗ ਕੰਮ ਕੀਤਾ ਹੈ। ਸ਼ੁਰੂ-ਸ਼ੁਰੂ ਵਿੱਚ ਫ੍ਰਾਯਡ ਦੇ ਮਨੋ-ਵਿਗਿਆਨ ਦੇ ਪ੍ਰਭਾਵ ਹੇਠ ਕਹਾਣੀ ਲਿਖੀ। ਪਰ, ਜਿਉਂ-ਜਿਉਂ ਉਨ੍ਹਾਂ ਦੇ ਚਿੰਤਨ ਵਿੱਚ ਸਪਸ਼ਟਤਾ ਤੇ ਪਕਿਆਈ ਆਉਂਦੀ ਗਈ, ਮਨੁੱਖ ਦੀਆਂ ਸਮੱਸਿਆਵਾਂ ਨੂੰ ਸਵੱਸਥ ਮਨੋ-ਵਿਗਿਆਨਿਕ ਵਿਧੀ ਰਾਹੀਂ ਪੇਸ਼ ਕਰਨਾ ਸ਼ੁਰੂ ਕੀਤਾ। ਮਗਰੋਂ, ਦੇਸ਼-ਪ੍ਰੇਮ ਤੇ ਭਾਰਤ ਦੀ ਅਖੰਡਤਾ ਨੂੰ ਕਹਾਣੀ ਦੇ ਵਿਸ਼ੇ ਦੇ ਤੌਰ ਉੱਤੇ ਚੁਣਿਆ। ਇਸ ਪ੍ਰਕਾਰ ਦੁੱਗਲ ਹੋਰਾਂ ਦੀ ਕਹਾਣੀ ਕਈ ਵਿਕਾਸ-ਪੜਾਵਾਂ ਨੂੰ ਲੰਘਦੀ ਰਹੀ ਹੈ।

---

## 17.4 ਸਾਰ

---

ਨਿੱਕੀ ਕਹਾਣੀ ਨੂੰ ਪਰਿਭਾਸ਼ਤ ਕਰਨ ਦੇ ਬਹੁਤ ਜਤਨ ਹੋਏ ਹਨ। ਕਈ ਤਾਂ ਗਿਣਤੀ ਨੂੰ ਹੀ ਆਧਾਰ ਬਣਾ ਕੇ ਗੱਲ ਕਰਦੇ ਹਨ। ਇਨ੍ਹਾਂ ਲਈ ਨਿੱਕੀ ਕਹਾਣੀ ਵਿੱਚ ਇੱਕ ਪਾਤਰ, ਇੱਕ ਘਟਨਾ ਤੇ ਇੱਕੋ ਹੀ (ਪ੍ਰਮੁੱਖ) ਭਾਵ ਹੋਣਾ ਚਾਹੀਦਾ ਹੈ। ਕਈ **ਸ਼ਬਦਾਂ** ਦੀ ਗਿਣਤੀ ਦੀ ਵੀ ਪਾਬੰਦੀ ਲਾਉਂਦੇ ਹਨ। ਕੁੱਝ ਇੱਕ 'ਪਾਠਕ ਦੀ ਬੈਠਕ' ਯਾਨੀ ਇੱਕੋ ਬੈਠਕ ਵਿੱਚ ਪੜ੍ਹੇ ਜਾਣਾ ਨਿੱਕੀ ਕਹਾਣੀ ਲਈ ਅਵੱਸ਼ਕ ਸਮਝਦੇ ਹਨ। ਜ਼ਾਹਿਰ ਹੈ ਕਿ ਇਹ ਮਾਪ ਅਧੂਰੇ ਹਨ। ਕਲਾ-ਕਿਰਤ ਹੋਣ ਕਾਰਨ ਨਿੱਕੀ ਕਹਾਣੀ ਵਿੱਚ 'ਪ੍ਰਭਾਵ ਦੀ ਏਕਤਾ' ਹੀ ਅਜਿਹਾ ਗੁਣ ਹੈ, (ਜੋ ਸਹੀ ਵੀ ਹੈ) ਜਿਸ ਨੂੰ ਆਲੋਚਕ ਪਰਵਾਨ ਕਰਦੇ ਹਨ।

ਪੰਜਾਬੀ ਨਿੱਕੀ ਕਹਾਣੀ, ਬੇਸ਼ਕ ਇਸ ਸਦੀ ਦੇ ਸ਼ੁਰੂ ਵਿੱਚ ਹੀ ਲਿਖੀ ਜਾਣ ਲੱਗੀ ਪਰ ਇਹ ਅਚਾਨਕ ਹੀ ਨਹੀਂ ਹੋਇਆ। ਪੰਜਾਬੀ ਨਿੱਕੀ ਕਹਾਣੀ ਦਾ ਜਿਵੇਂ ਕਿ ਦੱਸਿਆ ਜਾ ਚੁੱਕਾ ਹੈ, ਆਪਣਾ ਇੱਕ ਵਿਰਸਾ ਹੈ। ਇਸ ਵਿਰਸੇ ਵਿੱਚ ਵਾਰ, ਜਨਮਸਾਖੀ ਤੇ ਕਿੱਸਾ ਆਦਿ ਸਾਹਿੱਤ ਦੇ ਅਜਿਹੇ ਰੂਪ ਮੌਜੂਦ ਸਨ ਜਿਨ੍ਹਾਂ ਨੇ ਬੀਜ ਰੂਪ ਵਿੱਚ ਕੰਮ ਕੀਤਾ। ਪੰਜਾਬੀ ਨਿੱਕੀ ਕਹਾਣੀ ਦਾ ਜੋ ਰੂਪ ਸਾਡੇ ਸਾਹਮਣੇ ਅੱਜ ਹੈ ਇਸ ਦਾ ਵੀ ਆਪਣਾ ਇੱਕ ਇਤਿਹਾਸ ਹੈ। ਸਾਡੀ ਕਹਾਣੀ ਕਈ ਦੌਰਾਂ ਵਿੱਚੋਂ ਲੰਘੀ ਹੈ। ਪੰਜਾਬੀ ਨਿੱਕੀ ਕਹਾਣੀ ਦਾ ਤੀਜਾ ਦੌਰ ਹੀ ਸਭ ਨਾਲੋਂ ਵਧੇਰੇ ਅਮੀਰ ਮੰਨਿਆ ਗਿਆ ਹੈ। ਇਹੀ ਦੌਰ ਹੈ ਜਿਸ ਵਿੱਚ ਸੰਤ ਸਿੰਘ ਸੇਖੋਂ, ਸੁਜਾਨ ਸਿੰਘ ਤੇ ਕਰਤਾਰ ਸਿੰਘ ਦੁੱਗਲ ਜਿਹੇ ਉੱਚ ਕੋਟੀ ਦੇ ਕਹਾਣੀਕਾਰ ਸਾਡੇ ਸਾਹਮਣੇ ਆਏ। ਨਾਲੇ, ਇਹ ਪੜਾ ਆਉਣ ਵਾਲੀ ਨਿੱਕੀ ਕਹਾਣੀ ਦਾ ਆਧਾਰ ਵੀ ਬਣਿਆ। ਬਾਅਦ ਦੇ ਪੜਾਵਾਂ ਵਿੱਚ ਆਉਣ ਵਾਲੇ ਕਹਾਣੀਕਾਰਾਂ ਵਿੱਚੋਂ ਸਭ ਨਾਲੋਂ ਸ਼੍ਰੇਸ਼ਠ ਕੁਲਵੰਤ ਸਿੰਘ ਵਿਰਕ ਨੂੰ ਹੀ ਮੰਨਿਆ ਜਾਂਦਾ ਹੈ। ਵਿਰਕ ਤੋਂ ਅਲਾਵਾ ਜਿਨ੍ਹਾਂ ਕਹਾਣੀਕਾਰਾਂ ਦੀ ਸ਼ਲਾਘਾ ਹੋਈ ਹੈ ਉਨ੍ਹਾਂ ਵਿੱਚੋਂ ਕੁੱਝ ਦੇ ਨਾਂ ਹਨ—ਅਜੀਤ ਕੌਰ, ਸੰਤੋਖ ਸਿੰਘ ਧੀਰ, ਗੁਲਜ਼ਾਰ ਸਿੰਘ ਸੰਧੂ ਤੇ ਬੂਟਾ ਸਿੰਘ ਆਦਿ। ਅੱਜ ਕਲ ਨਵਤੇਜ ਪੁਆਧੀ ਤੇ ਚੰਦਨ ਨੇਗੀ ਇਨ੍ਹਾਂ ਦੋ ਕਹਾਣੀਕਾਰਾਂ ਦੀ ਖ਼ਾਸੀ ਚਰਚਾ ਹੈ।

**ਪਹਿਲਾ ਅਭਿਆਸ**

ਹੇਠ ਲਿਖੇ ਸਵਾਲਾਂ ਦੇ ਉੱਤਰ ਛੱਡੀਆਂ ਹੋਈਆਂ ਥਾਵਾਂ ਉੱਤੇ ਦਿਓ।

1 ੳ) ਨਿੱਕੀ ਕਹਾਣੀ ਦਾ ਪ੍ਰਮੁੱਖ ਗੁਣ ਕੀ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

ਅ) ਪੰਜਾਬੀ ਨਿੱਕੀ ਕਹਾਣੀ ਦੇ ਵਿਰਸੇ ਨਾਲ ਅਤੀ ਸੰਖੇਪ ਜਾਣ-ਪਛਾਣ ਕਰਾਓ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

ਏ) ਪੰਜਾਬੀ ਨਿੱਕੀ ਕਹਾਣੀ ਦਾ ਪ੍ਰਮੁੱਖ ਦੌਰ (ਪੜਾ) ਕਿਹੜਾ ਸੀ ਤੇ ਕਿਉਂ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

ਸ) ਕਰਤਾਰ ਸਿੰਘ ਦੁੱਗਲ ਦੇ ਕੋਈ ਤਿੰਨ ਕਹਾਣੀ-ਸੰਗ੍ਰਿਹਾਂ ਦੇ ਨਾਂ ਲਿਖੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

ਹ) ਅੱਜ ਕੱਲ ਜਿਨ੍ਹਾਂ ਦੋ ਕਹਾਣੀਕਾਰਾਂ ਦੀ ਖ਼ਾਸੀ ਚਰਚਾ ਹੈ ਉਨ੍ਹਾਂ ਦੇ ਨਾਂ ਲਿਖੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਹੇਠ ਪੰਜਾਬੀ ਦੇ ਕੁੱਝ ਪ੍ਰਮੁੱਖ ਕਹਾਣੀਕਾਰਾਂ ਦੇ ਨਾਂ ਦਿੱਤੇ ਹੋਏ ਹਨ। ਇਹ ਨਾਂ ਆਪੋ ਵਿੱਚ ਖਲਤ-ਮਲਤ ਹੋ ਗਏ ਹਨ। ਇਨ੍ਹਾਂ ਨੂੰ ਸਹੀ ਰੂਪ ਵਿੱਚ ਲਿਖੋ:

ਨਾਨਕ ਸਿੰਘ 'ਸ਼ਹੀਦ'; ਗੁਰਬਖਸ਼ ਸਿੰਘ ਵਿਰਕ; ਗੁਲਜਾਰ ਸਿੰਘ ਨੇਗੀ; ਅਜੀਤ ਕੌਰ ਚੰਦਨ; ਚਰਨ ਸਿੰਘ ਸੰਧੂ; ਸੁਜਾਨ ਸਿੰਘ ਦੁੱਗਲ; ਕੁਲਵੰਤ ਸਿੰਘ 'ਪ੍ਰੀਤਲੜੀ'; ਕਰਤਾਰ ਸਿੰਘ 'ਦਰਦ'; ਬਚਿੰਤ ਕੌਰ 'ਪੁਆਧੀ'; ਹੀਰਾ ਸਿੰਘ ਨਵਤੇਜ

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 17.5 ਪੁਲ

ਪਤਾ ਨਹੀਂ ਕਿਉਂ "ਵੱਡਾ ਪਿੰਡ" ਵਾਲਿਆਂ ਨੂੰ ਹਮੇਸ਼ਾ ਇਹ ਖ਼ਿਆਲ ਰਹਿੰਦਾ ਸੀ ਕਿ ਉਹ ਵੱਡੇ ਸਨ।

ਤੇ "ਨਿੱਕਾ ਪਿੰਡ" ਵਾਲੇ ਕਹਿੰਦੇ, ਆਖਰ ਕਿਸ ਗੱਲ ਵਿੱਚ ਉਹ ਵੱਡੇ ਸਨ। ਕਿਹੜੀ ਗੱਲ ਸੀ ਜਿਸ ਵਿੱਚ 'ਵੱਡਾ ਪਿੰਡ' ਵਾਲੇ ਵੱਡੇ ਸਨ ਤੇ 'ਨਿੱਕੇ ਪਿੰਡ' ਵਾਲੇ ਨਿੱਕੇ ਸਨ।

ਨਦੀ ਦੇ ਇੱਕ ਪਾਸੇ ਪਿੰਡ ਦਾ ਨਾਂ 'ਵੱਡਾ ਪਿੰਡ' ਸੀ ਤੇ ਦੂਜੇ ਪਾਸੇ ਪਿੰਡ ਦਾ ਨਾਂ 'ਨਿੱਕਾ ਪਿੰਡ' ਸੀ।

ਪਤਾ ਨਹੀਂ ਇਹ ਨਾਂ ਕਦੋਂ ਪਏ, ਕਿਉਂ ਪਏ ? ਅੱਜ ਕਲ੍ਹ ਤੇ 'ਵੱਡਾ ਪਿੰਡ' ਵਾਲਿਆਂ ਦਾ 'ਨਿੱਕਾ ਪਿੰਡ' ਵਾਲਿਆਂ ਨਾਲ ਕੋਈ ਲੈਣ ਦੇਣ ਨਹੀਂ ਸੀ। ਚਾਰ ਕਦਮਾਂ ਦੀ ਵਿੱਥ ਉੱਤੇ ਵੱਸਦੇ ਇਨ੍ਹਾਂ ਦੋ ਪਿੰਡਾਂ ਵਿੱਚ ਕੋਈ ਸਾਂਝ ਨਹੀਂ ਸੀ।ਨਿੱਕੇ ਪਿੰਡ ਦੀ ਕਿਸੇ ਕੁੜੀ ਦੀ ਮੰਗਣੀ ਵੱਡੇ ਪਿੰਡ ਵਿੱਚ ਨਹੀਂ ਸੀ ਹੋਈ। ਵੱਡੇ ਪਿੰਡ ਦੇ ਕਿਸੇ ਮੁੰਡੇ ਦਾ ਵਿਆਹ ਨਿੱਕੇ ਪਿੰਡ ਵਿੱਚ ਨਹੀਂ ਹੋਇਆ ਸੀ।

ਦੋਹਾਂ ਪਿੰਡਾਂ ਦੇ ਵਿਚਕਾਰ ਇੱਕ ਨਦੀ ਸੀ ਤੇ ਇਹ ਨਦੀ ਇਨ੍ਹਾਂ ਨੂੰ ਇਸ ਤਰ੍ਹਾਂ ਆਪਸ ਵਿੱਚ ਫਾੜੇ ਹੋਈ ਸੀ ਕਿ ਮਜਾਲ ਹੈ ਕਦੀ ਇੱਕ ਪਿੰਡ ਦੇ ਡੰਗਰ ਉੱਧਰ ਕਿਰ ਜਾਣ ਜਾਂ ਉਸ ਪਿੰਡ ਦਾ ਕੋਈ ਬੰਦਾ ਇੱਧਰੋਂ ਲੰਘ ਜਾਏ। ਹਮੇਸ਼ਾ ਖੂਨ ਖਰਾਬਾ ਹੋ ਕੇ ਰਹਿੰਦਾ ਸੀ। ਇਹ ਵੈਰ ਕਈ ਪੀੜ੍ਹੀਆਂ ਦਾ ਤੁਰਦਾ ਆ ਰਿਹਾ ਸੀ। ਵੈਰ ਤੇ ਮੁਕੱਦਮੇ ਬਾਜ਼ੀ! ਕਦੀ ਉਨ੍ਹਾਂ ਦੀਆਂ ਦੀਵਾਨੀਆਂ ਚਲਦੀਆਂ ਰਹਿੰਦੀਆਂ ਸਨ, ਕਦੀ ਫੌਜ਼ਦਾਰੀਆਂ ਚਲਦੀਆਂ ਰਹਿੰਦੀਆ ਸਨ। ਖ਼ਾਕ ਸਿਆਹ ਹੋ ਗਏ ਸਨ ਦੋਵੇਂ ਪਿੰਡ, ਪਰ ਇਹ ਦੁਸ਼ਮਣੀ ਖਤਮ ਹੋਣ ਵਿੱਚ ਨਹੀ ਸੀ ਆਉਂਦੀ।

ਕਦੀ ਨਿੱਕਾ ਪਿੰਡ ਵਿੱਚ ਲੋਕਾਂ ਨੂੰ ਕਿਸੇ ਭਣਕਾਣਾ ਹੁੰਦਾ ਤਾਂ ਕਹਿੰਦਾ ਬੜੇ ਸਾਲ ਹੋਏ ਵੱਡਾ ਪਿੰਡ ਵਾਲਿਆਂ ਨੇ ਨਿੱਕਾ ਪਿੰਡ ਦੀ ਇੱਕ ਕੁੜੀ ਨੂੰ ਉਧਾਲ ਲਿਆ ਸੀ ਤੇ ਇਨ੍ਹਾਂ ਦੇ ਸ਼ਿਕਾਇਤ ਕਰਨ ਉੱਤੇ ਤਿੰਨ ਟੁਕੜੇ ਕੁੜੀ ਦੇ

ਕਰਕੇ ਲਾਸ਼ ਨੂੰ ਬੋਰੀ ਵਿੱਚ ਬੰਦ ਕਰਕੇ ਨਦੀ ਵਿੱਚ ਰੋਹੜ ਦਿੱਤਾ ਸੀ ਤੇ ਇੰਨ-ਬਿੰਨ ਇਹੀ ਕਹਾਣੀ ਵੱਡੇ ਪਿੰਡ ਵਾਲੇ ਯਾਦ ਕਰਕੇ ਆਪਣੇ ਗ੍ਰਾਮ-ਵਾਸੀਆਂ ਦੇ ਦਿਲਾਂ ਵਿੱਚ ਨਿੱਕੇ ਪਿੰਡ ਵਾਲਿਆਂ ਲਈ ਜ਼ਹਿਰ ਭਰਦੇ ਰਹਿੰਦੇ।

ਵੱਡੇ ਪਿੰਡ ਵਾਲੇ ਕਹਿੰਦੇ ਕੁੜੀ ਉਨ੍ਹਾਂ ਦੀ ਸੀ ਤੇ ਨਿੱਕੇ ਪਿੰਡ ਵਾਲੇ ਉਸ ਨੂੰ ਉਧਾਲ ਕੇ ਲੈ ਗਏ ਸਨ ਤੇ ਫੇਰ ਜਦੋਂ ਉਨ੍ਹਾਂ ਨੇ ਪੁੱਛਿਆ ਤੇ ਕੁੜੀ ਦੇ, ਅਗਲਿਆਂ ਨੇ, ਤਿੰਨ ਟੁਕੜੇ ਕਰ ਦਿੱਤੇ।

ਤੇ ਅੱਜ ਕੱਲ੍ਹ ਇਹ ਵੈਰ ਇਤਨਾ ਵੱਧ ਗਿਆ ਸੀ ਕਿ ਆਪਣੀ ਹਰ ਮੁਸੀਬਤ ਨੂੰ ਪਿੰਡ ਵਾਲੇ ਇਹ ਸਮਝਦੇ ਸਨ ਕਿ ਸਾਹਮਣੇ ਪਿੰਡ ਵਾਲਿਆਂ ਦੀ ਘੱਲੀ ਹੋਈ ਹੈ। ਬਰਸਾਤ ਵਿੱਚ ਜਦੋਂ ਨਦੀ ਚੜ੍ਹਦੀ ਕਦੀ ਇਸ ਪਿੰਡ ਦਾ ਕੰਢਾ ਢਾਉਣਾ ਸ਼ੁਰੂ ਕਰ ਦਿੰਦੀ, ਕਦੀ ਉਸ ਪਿੰਡ ਦੀ ਜ਼ਿਮੀ ਨੂੰ ਖੋਰ ਕੇ ਲੈ ਜਾਂਦੀ। ਜਿਸ ਦਾ ਨੁਕਸਾਨ ਹੁੰਦਾ ਇਹੀ ਸਮਝਦਾ ਇਸ ਵਿੱਚ ਵੈਰ ਪਿੰਡ ਦੀ ਕੋਈ ਸ਼ਰਾਰਤ ਹੈ। ਨਿੱਕੇ ਪਿੰਡ ਵਿੱਚ ਕੁੱਕੜਾਂ-ਕੁਕੜੀਆਂ ਨੂੰ ਬਿਮਾਰੀ ਪਈ, ਜਦੋਂ ਸਾਰਾ ਪਿੰਡ ਤਕਰੀਬਨ ਖ਼ਾਲੀ ਹੋ ਗਿਆ ਤਾਂ ਵੱਡਾ ਪਿੰਡ ਦੇ ਕੁੱਕੜ-ਕੁੱਕੜੀਆਂ ਮਰਨੇ ਸ਼ੁਰੂ ਹੋ ਗਏ ਤੇ ਵੱਡੇ ਪਿੰਡ ਵਾਲਿਆਂ ਨੂੰ ਇਹ ਯਕੀਨ ਸੀ ਕਿ ਇਹ ਬਿਮਾਰੀ ਨਿੱਕੇ ਪਿੰਡ ਵਾਲਿਆਂ ਨੇ ਆਪਣੇ ਪਿੰਡ ਤੋਂ ਕੱਢ ਕੇ ਉਨ੍ਹਾਂ ਦੇ ਪਿੰਡ ਭੇਜੀ ਸੀ। ਤੇ ਉਹ ਦਿਨ ਰਾਤ ਇਨ੍ਹਾਂ ਨੂੰ ਪੁਣਦੇ ਰਹਿੰਦੇ।

ਫੇਰ ਵੱਡਾ ਪਿੰਡ ਵਾਲਿਆਂ ਦੇ ਪੀਲੀਆ ਫੈਲ ਗਿਆ। ਪੀਲੀਆ ਕੁੱਝ ਦਿਨਾਂ ਬਾਅਦ ਨਿੱਕਾ ਪਿੰਡ ਵਿੱਚ ਵੀ ਵਿਖਾਈ ਦੇਣ ਲੱਗਾ। ਲੱਖ-ਲੱਖ ਨਿੱਕੇ ਪਿੰਡ ਵਾਲੇ ਵੱਡੇ ਪਿੰਡ ਵਾਲਿਆਂ ਨੂੰ ਗਾਲ੍ਹੀਆਂ ਦੇਂਦੇ ਤੇ ਸੱਚ-ਮੁੱਚ ਮੰਨਦੇ ਇਹ ਬਲਾ ਵੈਰੀਆਂ ਦੀ ਭੇਜੀ ਹੋਈ ਹੈ। ਇਹ ਖਿਆਲ ਕਿਸੇ ਨੂੰ ਨਾ ਆਉਂਦਾ ਕਿ ਪੀਲੀਆ ਨਦੀ ਦੇ ਪਾਣੀ ਕਰਕੇ ਫੈਲਿਆ ਸੀ, ਜਿਸ ਨੂੰ ਇੱਕ ਕੰਢੇ ਤੋਂ ਉਹ ਭਰਦੇ ਸਨ ਤੇ ਦੂਜੇ ਕੰਢੇ ਤੋਂ ਇਹ ਭਰਦੇ ਸਨ।

ਡਿਸਟ੍ਰਿਕਟ ਬੋਰਡ ਨੇ ਦੋਹਾਂ ਪਿੰਡਾਂ ਲਈ ਇੱਕ ਸਾਂਝਾ ਖੂਹ ਖਟਵਾਉਣ ਲਈ ਰਕਮ ਮੰਨਜ਼ੂਰ ਕੀਤੀ, ਪਰ ਇਹ ਫ਼ੈਸਲਾ ਨਾ ਹੋ ਸਕਣ ਤੇ ਕਿ ਖੂਹ ਨਦੀ ਦੇ ਇਸ ਕੰਢੇ ਹੋਵੇ ਜਾਂ ਉਸ ਕੰਢੇ ਹੋਵੇ, ਖੂਹ ਵੀ ਨਾਂ ਖੁੱਟਿਆ ਜਾ ਸਕਿਆ।

ਬੋਰਡ ਦੀਆਂ ਚੋਣਾਂ ਵੇਲੇ ਇੱਕ ਪਿੰਡ ਜਿਸ ਉਮੀਦਵਾਰ ਨੂੰ ਵੋਟਾਂ ਦਿੰਦਾ ਦੂਜਾ ਪਿੰਡ ਉਸ ਦਾ ਜ਼ਰੂਰ ਵਿਰੋਧ ਕਰਦਾ। ਭਾਵੇਂ ਉਹ ਕੋਈ ਵੀ ਹੋਵੇ ਦੂਜੇ ਉਮੀਦਵਾਰ ਨੂੰ ਹੀ ਉਹ ਵੋਟਾਂ ਦਿੰਦੇ।

ਹਰ ਚੌਥੇ ਰੋਜ਼ ਕਿਸੇ ਨਾ ਕਿਸੇ ਗੱਲ ਤੇ ਫ਼ਸਾਦ ਹੋ ਪੈਂਦਾ। ਇੱਕ ਬੋਲਦਾ ਤੇ ਸਾਰੇ ਦਾ ਸਾਰਾ ਪਿੰਡ ਇੱਕਠਾ ਹੋ ਜਾਂਦਾ। ਉੱਧਰ ਦੀ ਹਵਾ ਇੱਧਰ ਕਿਉਂ ਆਉਂਦੀ ਹੈ, ਲੋਕਾਂ ਨੂੰ ਇਹ ਵੀ ਬੁਰਾ ਲਗਦਾ। ਉਨ੍ਹਾਂ ਦੇ ਹਵਾ ਵਿੱਚ ਉਹ ਧੂਆਂ ਭੇਜਦੇ ਹਨ। ਕਦੀ ਖਾਦ ਦੀ ਬਦਬੂ ਭੇਜਦੇ ਹਨ। ਇਸ ਪਿੰਡ ਤੋਂ ਭਿੱਛਿਆ ਮੰਗਦੇ ਮੰਗਤੇ ਉਸ ਪਿੰਡ ਨਹੀਂ ਜਾ ਸਕਦੇ ਸਨ। ਉੱਧਰੋਂ ਆਏ ਬੱਦਲ ਬੁਰੇ ਸਮਝੇ ਜਾਂਦੇ ਸਨ। ਇੱਧਰੋਂ ਗਈ ਆਜ਼ਾਨ ਦੀ ਆਵਾਜ਼ ਉੱਤੇ ਉਸ ਪਿੰਡ ਦੇ ਮੁਸਲਮਾਨ ਨਮਾਜ਼ ਨਹੀਂ ਸਨ ਪੜ੍ਹਦੇ। ਇੱਕ ਪਿੰਡ ਵਿੱਚ ਹਰ ਨਵੇਂ ਮਕਾਨ ਲਈ ਦੂਜੇ ਪਿੰਡ ਵਾਲੇ ਦੋ ਨਵੇਂ ਮਕਾਨ ਬਣਾਉਂਦੇ ਭਾਵੇਂ ਕਿਸੇ ਦੇ ਘਰ ਦੀਆਂ ਹੱਡੀਆਂ ਵੀ ਵਿਕ ਜਾਣ। ਸ਼ਹਿਰ ਮੰਡੀ ਵਿੱਚ ਸਬਜੀ ਲੈ ਕੇ ਗਏ ਦੋਹਾਂ ਧਿਰਾਂ ਦੇ ਆਦਮੀ ਇੱਕ ਦੂਜੇ ਦੀ ਜ਼ਿੱਦ ਵਿੱਚ ਆਪਣਾ ਆਪਣਾ ਮਾਲ ਸਸਤਾ ਸੁੱਟ ਆਉਂਦੇ ਤੇ ਮੁੜਦਿਆਂ ਰਸਤੇ ਵਿੱਚ ਜਦੋਂ ਉਨ੍ਹਾਂ ਨੂੰ ਹੋਸ਼ ਆਉਂਦੀ ਤਾਂ ਇੱਕ ਦੂਜੇ ਨੂੰ ਟੁੱਕ-ਟੁੱਕ ਕੇ ਪਏ ਖਾਂਦੇ।

ਇਨ੍ਹਾਂ ਦੀ ਨਿੱਤ ਦੀ ਇੱਕ ਕੁੜਕੁੜ ਨੂੰ ਵੇਖ ਕੇ ਅੰਗਰੇਜ਼ ਨੇ ਇਹ ਸੋਚਿਆ ਜੇ ਕਿਤੇ ਇੱਕ ਸਕੂਲ ਇਨ੍ਹਾਂ ਪਿੰਡਾਂ ਲਈ ਬਣਾ ਦਿੱਤਾ ਜਾਏ ਤਾਂ ਸ਼ਾਇਦ ਉਨ੍ਹਾਂ ਨੂੰ ਰਲਮਿਲ ਕੇ ਬੈਠਣਾ-ਉਠਣਾ ਆ ਜਾਏ। ਸਕੂਲ ਬਣ ਗਿਆ। ਦੋਹਾਂ ਪਿੰਡਾਂ ਤੋਂ ਸਕੂਲ ਇੱਕ-ਇੱਕ ਮੀਲ ਦੂਰ ਸੀ। ਸਕੂਲ ਵਿੱਚ ਬੱਚੇ ਵੀ ਦਾਖਲ ਹੋਏ, ਪਰ ਤਿੰਨ-ਤਿੰਨ ਚਾਰ-ਚਾਰ ਜਮਾਤਾਂ ਪੜ੍ਹ ਕੇ ਬੱਚੇ ਇਸ ਜੋਗੇ ਹੋ ਜਾਂਦੇ ਕਿ ਉਹ ਪੈਲੀਆਂ ਵਿੱਚ ਆਪਣੇ ਮਾਪਿਆਂ ਨੂੰ ਮਦਦ ਦੇਣ ਤੇ ਫਿਰ ਉਹ ਕਿਸੇ-ਨ-ਕਿਸੇ ਬਹਾਨੇ ਘੁਸਾਣਾ ਸ਼ੁਰੂ ਕਰ ਦਿੰਦੇ, ਤੇ ਫਿਰ ਕੁੱਝ ਚਿਰ ਬਾਅਦ ਮੁੱਢੋਂ ਹੀ ਆਉਣਾ ਬੰਦ ਕਰ ਦਿੰਦੇ।

ਅੰਗਰੇਜ਼ ਦੇ ਜਾਣ ਤੋਂ ਪਹਿਲਾਂ ਪੰਜਾਬ ਵਿੱਚ ਜਿਹੜੇ ਹਿੰਦੂ-ਮੁਸਲਿਮ ਫ਼ਸਾਦ ਹੋਏ ਉਨ੍ਹਾਂ ਦੀ ਕਹਾਣੀ ਕਿਸ ਨੂੰ ਪਤਾ ਨਹੀਂ। ਇਸ ਪ੍ਰਦੇਸ਼ ਦੀ ਸਾਰੀ ਦੀ ਸਾਰੀ ਧਰਤੀ ਲਹੂ ਨਾਲ ਨ੍ਹਾਤੀ ਗਈ। ਨਿੱਕੇ ਪਿੰਡ ਵਾਲਿਆਂ ਨੇ ਆਪਣੇ ਮੁਸਲਮਾਨਾਂ ਨੂੰ ਖੰਭਾਂ ਹੇਠ ਲੁਕਾਈ ਰੱਖਿਆ। ਕਿਤੇ ਵੱਡੇ ਪਿੰਡ ਵਾਲੇ ਨਾ ਉਨ੍ਹਾਂ ਨੂੰ ਕੁੱਝ ਕਹਿਣ ਤੇ ਵੱਡੇ ਪਿੰਡ ਵਾਲੇ ਆਪਣੇ ਮੁਸਲਮਾਨਾਂ ਨੂੰ ਗੱਡੀਆਂ ਵਿੱਚ ਬਿਠਾ ਕੇ ਸ਼ਹਿਰ ਦੇ ਕੈਂਪ ਵਿੱਚ ਛੱਡ ਆਏ ਕਿਤੇ ਸਾਹਮਣੇ ਪਿੰਡ ਵਾਲੇ ਉਨ੍ਹਾਂ ਨੂੰ ਰਸਤੇ ਵਿੱਚ ਤੰਗ ਨਾ ਕਰਨ ਤੇ ਜਦੋਂ ਦੋਵੇਂ ਪਿੰਡਾਂ ਦੇ ਮੁਸਲਮਾਨ ਕੈਂਪ ਵਿੱਚ ਇਕੱਠੇ ਹੋਏ, ਕਹਿਣ ਵਾਲੇ ਕਹਿੰਦੇ ਹਨ, ਉੱਥੇ ਉਨ੍ਹਾਂ ਦੀ ਆਪਸ ਵਿੱਚ ਲੜਾਈ ਹੋਈ ਤੇ ਉਨ੍ਹਾਂ ਨੂੰ ਵੱਖੋ-ਵੱਖ ਕੈਂਪਾਂ ਵਿੱਚ ਰੱਖਣਾ ਪਿਆ, ਵੱਖੋ-ਵੱਖਰੀਆਂ ਗੱਡੀਆਂ ਵਿੱਚ ਪਾਕਿਸਤਾਨ ਭੇਜਣਾ ਪਿਆ।

ਤੇ ਫੇਰ ਦੇਸ਼ ਆਜ਼ਾਦ ਹੋ ਗਿਆ।

ਆਜ਼ਾਦੀ ਦੇ ਦਿਨ ਦੋਹਾਂ ਪਿੰਡਾਂ ਨੇ ਆਪਣੇ ਆਪਣੇ ਪਾਸੇ ਨਦੀ ਦੇ ਕੰਢੇ ਤਿਰੰਗੇ ਗੱਡ ਕੇ ਖੁਸ਼ੀਆਂ ਮਨਾਈਆਂ; ਗਾਣੇ ਗਾਏ ਤੇ ਨਾਚ ਨਚਾਏ। ਹਰ ਪਿੰਡ ਦੀ ਇਹ ਖਾਹਿਸ਼ ਸੀ ਕਿ ਸਾਹਮਣੇ ਪਿੰਡ ਤੋਂ ਉਨ੍ਹਾਂ ਦੇ ਰੌਣਕ ਜ਼ਿਆਦਾ ਹੋਵੇ। ਬਾਹਰੋਂ ਢੱਡ ਸਾਰੰਗੀਆਂ ਵਾਲੇ ਤੇ ਰਾਸਧਾਰੀ ਸੱਦੇ ਗਏ। ਸਾਰਾ ਦਿਨ ਖੁਸ਼-ਖੁਸ਼ੀਆਂ ਗੁਜ਼ਰ ਗਿਆ। ਵੱਡੇ ਪਿੰਡ ਵਾਲਿਆਂ ਦਾ ਆਪਣਾ ਪ੍ਰੋਗਰਾਮ ਚਲਦਾ ਰਿਹਾ, ਨਿੱਕੇ ਪਿੰਡ ਵਾਲੇ ਆਪਣੀ ਤਰ੍ਹਾਂ ਗਾ-ਗਾ ਕੇ ਖੇਡ-ਖੇਡ ਕੇ ਖੁਸ਼ ਹੁੰਦੇ ਰਹੇ। ਸ਼ਾਮ ਨੂੰ ਆਪੋ-ਆਪਣੇ ਘਰੀਂ ਵਾਪਸ ਜਾਣ ਤੋਂ ਪਹਿਲੇ ਵੱਡੇ ਪਿੰਡ ਵਾਲਿਆਂ ਨੇ ਝੰਡਾ ਲਾਹੁਣ ਵੇਲੇ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਾਏ। ਉਸ ਵੇਲੇ, ਨਿੱਕੇ ਪਿੰਡ ਵਾਲੇ ਵੀ ਝੰਡਾ ਉਤਾਰ ਰਹੇ ਸਨ। ਇਨ੍ਹਾਂ ਨੇ ਵੀ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰੇ ਲਾਣੇ ਸ਼ੁਰੂ ਕਰ ਦਿੱਤੇ। ਨਿੱਕੇ ਪਿੰਡ ਵਾਲਿਆਂ ਦੇ ਨਾਅਰੇ ਸੁਣ ਕੇ ਵੱਡੇ ਪਿੰਡ ਵਾਲਿਆਂ ਨੇ ਹੋਰ ਉੱਚੇ ਨਾਹਰੇ ਲਾਏ। ਉਨ੍ਹਾਂ ਨੂੰ ਉੱਚਾ-ਉੱਚਾ 'ਇਨਕਲਾਬ ਜ਼ਿੰਦਾਬਾਦ' ਕਹਿੰਦਾ ਸੁਣ ਨਿੱਕੇ ਪਿੰਡ ਵਾਲਿਆਂ ਨੇ ਹੋਰ ਵੀ ਉੱਚੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ ਤੇ ਇਸ ਤਰ੍ਹਾਂ ਇੱਕ ਦੂਜੇ ਤੋਂ ਵੱਧ ਕੇ ਨਾਹਰੇ ਲਾਉਣ

ਦੀ ਜਿਵੇਂ ਬੁਰਦ ਲੱਗ ਪਈ। ਨਿੱਕੇ ਪਿੰਡ ਵਾਲੇ ਜਿਤਨਾ ਉੱਚਾ, 'ਇਨਕਲਾਬ ਜ਼ਿੰਦਾਬਾਦ' ਕਹਿੰਦੇ ਵੱਡੇ ਪਿੰਡ ਵਾਲੇ ਉਸ ਤੋਂ ਵੀ ਉੱਚਾ ਪੁਕਾਰਦੇ। ਫੇਰ ਨਿੱਕੇ ਪਿੰਡ ਵਾਲੇ ਹੋਰ ਜ਼ੋਰ ਲਾਉਂਦੇ। ਇੰਜ ਨਾਹਰੇ ਲਾਉਂਦੇ ਉਹ ਨਦੀ ਦੇ ਕੰਢਿਆਂ ਤੇ ਆਹਮੋ-ਸਾਹਮਣੇ ਆਣ ਖਲੋਤੇ। ਬਾਹਵਾਂ ਉਲਾਰ-ਉਲਾਰ, ਸਾਫੇ ਲਾਹ-ਲਾਹ, ਅੱਡੀਆਂ ਚੁੱਕ-ਚੁੱਕ, ਉਹ ਇੱਕ ਦੂਜੇ ਤੋਂ ਵਧ ਚੜ੍ਹ ਕੇ ਨਾਹਰੇ ਲਾਉਣ ਲਗ ਪਏ। ਉੱਚੇ ਹੋਰ ਉੱਚੇ, ਉਸ ਤੋਂ ਵੀ ਉੱਚੇ। ਉਨ੍ਹਾਂ ਦੇ ਗਲੇ ਥੱਕ ਰਹੇ ਸਨ। ਅਵਾਜ਼ਾਂ ਬੈਠ ਰਹੀਆਂ ਸਨ, ਪਰ ਸ਼ਰਤੋ-ਸ਼ਰਤੀ, ਬੁਰਦੋ-ਬੁਰਦੀ ਉਹ ਚਿੱਲਾਂਦੇ ਗਏ, ਚਿੱਲਾਂਦੇ ਗਏ। ਤੇ ਫੇਰ ਪਤਾ ਨਹੀਂ ਕਿਵੇਂ ਇੱਕ ਧਿਰ ਨੂੰ ਲੱਗਾ ਜਿਵੇਂ ਸਾਹਮਣੇ ਕੰਢੇ ਤੋਂ ਪੱਥਰ ਆ ਕੇ ਇੱਧਰ ਪਿਆ ਹੈ ਤੇ ਫੇਰ [illegible] ਦਮ ਇੱਧਰੋਂ ਦੋ ਪੱਥਰ ਉੱਧਰ ਉਡ ਗਏ। ਇਹ ਵੇਖ ਉੱਧਰੋਂ ਚਾਰ ਪੱਥਰ ਇੱਧਰ ਆਏ ਤੇ ਫੇਰ ਅੱਖ ਦੇ ਫੋਰ ਵਿੱਚ ਪੱਥਰਾਂ ਦੀ ਵਰਖਾ ਜਿਵੇਂ ਹੋਣ ਲੱਗ ਪਈ। 'ਇਨਕਲਾਬ ਜ਼ਿੰਦਾਬਾਦ' ਦੇ ਨਾਹਰੇ ਲਾਂਦੇ ਇੱਕ ਦੂਜੇ ਤੇ ਪੱਥਰ ਸੁੱਟਦੇ ਉਨ੍ਹਾਂ ਵਿੱਚੋਂ ਕਈ ਲਹੂ-ਲੁਹਾਣ ਹੋ ਗਏ ਤੇ ਜਦੋਂ ਤੀਕ ਨਦੀ ਦੇ ਕੰਢੇ ਪੱਥਰ ਬਾਕੀ ਸਨ, ਜਦੋਂ ਤੀਕ ਤ੍ਰਕਾਲਾਂ ਦਾ ਹਨੇਰਾ ਗਹਿਰਾ ਨਹੀਂ ਹੋ ਗਿਆ, ਨਿੱਕੇ ਪਿੰਡ ਵਾਲੇ ਤੇ ਵੱਡੇ ਪਿੰਡ ਵਾਲੇ ਨਾਹਰੇ ਲਾਂਦੇ ਇੱਕ ਦੂਜੇ ਤੇ ਪੱਥਰ ਵਗਾਂਦੇ ਰਹੇ। ਤੇ ਜਦੋਂ ਦੋਵੇਂ ਧਿਰਾਂ ਆਪੋ-ਆਪਣੇ ਘਰਾਂ ਨੂੰ ਮੁੜੀਆਂ ਤਾ ਹਰ ਨੌਜਵਾਨ ਜ਼ਖਮੀ ਸੀ; ਵਿਰਲਾ ਹੀ ਕੋਈ ਬੁੱਢਾ ਹੋਵੇਗਾ ਜਿਸ ਨੂੰ ਚੋਟ ਨਾ ਆਈ ਹੋਵੇ।

ਤੇ ਫੇਰ ਕਈ ਸਾਲਾਂ ਤੀਕ ਉਨ੍ਹਾਂ ਦੀਆਂ ਫੌਜਦਾਰੀਆਂ ਚਲਦੀਆਂ ਰਹੀਆਂ। ਨਵੇਂ ਭਾਰਤ ਵਿੱਚ ਨਵੀਆਂ-ਨਵੀਆਂ ਗੱਲਾਂ ਹੋਣ ਲੱਗ ਪਈਆਂ। ਨਵੀਆਂ ਪੰਚਾਇਤਾਂ,ਨਵੇਂ ਸਕੂਲ, ਨਵੇਂ ਖੇਤ, ਨਵੇਂ ਹੱਲ, ਨਵੇਂ ਬੀਜ, ਨਵੇਂ ਹਸਪਤਾਲ, ਨਵੀਆਂ ਸੜਕਾਂ ਸੜਕਾਂ ਤੇ ਨਵੇਂ ਰੁੱਖ, ਨਵੇਂ ਪੁਲ ਤੇ ਇੱਕ ਪੁਲ ਵੱਡਾ ਪਿੰਡ ਤੇ ਨਿੱਕਾ ਪਿੰਡ ਦੇ ਵਿਚਕਾਰ ਵਹਿੰਦੀ ਨਦੀ ਉੱਤੇ ਵੀ ਬਣਨਾ ਨਿਸਚਿਤ ਹੋ ਗਿਆ। ਪਹਿਲੇ ਸਰਕਾਰ ਨੇ ਇਨ੍ਹਾਂ ਦੋ ਪਿੰਡਾਂ ਕੋਲੋਂ ਲੰਘਦੀ ਸੜਕ ਨੂੰ ਪੱਕਾ ਕਰ ਦਿੱਤਾ। ਜਦੋਂ ਪੁਲ ਬਣਾਉਣ ਦੀ ਵਾਰੀ ਆਈ ਤਾਂ ਇਹ ਫੈਸਲਾ ਹੋਇਆ ਕਿ ਕੁੱਝ ਰਕਮ ਸਰਕਾਰ ਖਰਚ ਕਰੇਗੀ ਤੇ ਕੁੱਝ ਰਕਮ ਇਹ ਦੋ ਪਿੰਡ ਖਰਚ ਕਰਨ, ਜਿਨ੍ਹਾਂ ਨੂੰ ਪੁਲ ਤੋਂ ਲਾਭ ਪਹੁੰਚਣਾ ਸੀ। ਪਿੰਡ ਵਾਲੇ ਆਪਣਾ ਹਿੱਸਾ ਮਜ਼ਦੂਰੀ ਦੀ ਸ਼ਕਲ ਵਿੱਚ ਪਾ ਸਕਦੇ ਸਨ।

ਤੇ ਫੇਰ ਪੁਲ ਬਣਨਾ ਸ਼ੁਰੂ ਹੋਇਆ। ਵੱਡੇ ਪਿੰਡ ਤੇ ਨਿੱਕੇ ਪਿੰਡ ਦੇ ਨੌਜਵਾਨ ਰਲ ਕੇ, ਸਰਕਾਰੀ ਇੰਜ਼ੀਨੀਅਰਾਂ, ਮਿਸਤਰੀਆਂ ਤੇ ਕਾਰੀਗਰਾਂ ਦੇ ਨਾਲ ਕੰਮ ਕਰਨ ਲੱਗੇ। ਉਨ੍ਹਾਂ ਦੀ ਸੜਕ ਪੱਕੀ ਬਣ ਚੁੱਕੀ ਸੀ ਤੇ ਹੁਣ ਉਸ ਸੜਕ ਉੱਤੇ ਪੁਲ ਬਣ ਰਿਹਾ ਸੀ ਤਾਂ ਜੋ ਬਾਰ੍ਹਾਂ ਮਹੀਨੇ ਉਸ ਤੇ ਆਵਾਜਾਈ ਹੋ ਸਕੇ। ਹੁਣ ਬਾਰਸ਼ਾਂ ਦੇ ਦਿਨਾਂ ਵਿੱਚ ਜਦੋਂ ਨਦੀ ਚੜ੍ਹ ਜਾਂਦੀ ਸੀ ਉਨ੍ਹਾਂ ਦੀ ਸਬਜ਼ੀ ਪਿੰਡ ਪਈ ਪਈ ਨਹੀਂ ਸੜਿਆ ਕਰੇਗੀ। ਹੁਣ ਉਨ੍ਹਾ ਦਾ ਦੁੱਧ ਜਿਹੜਾ ਹਰ ਰੋਜ਼ ਸਵੇਰੇ ਉਹ ਛਾਉਣੀ ਪਹੁੰਚਾਂਦੇ ਸਨ, ਨਦੀ ਵਿੱਚ ਹੜ੍ਹ ਦੇ ਕਾਰਨ ਖਰਾਬ ਨਹੀਂ ਹੋਇਆ ਕਰੇਗਾ ਤੇ ਦੋਹਾਂ ਪਿੰਡਾਂ ਦੇ ਕਿਰਸਾਨ ਤਨੋ-ਮਨੋ ਇਸ ਕੰਮ ਵਿੱਚ ਜੁਟ ਗਏ। ਇੱਕ ਇੱਟਾਂ ਚੁੱਕਦਾ, ਦੂਜੇ ਨੂੰ ਫੜਾਂਦਾ, ਦੂਜਾ ਤੀਜੇ ਨੂੰ ਪਕੜਾਂਦਾ ਤੀਜਾ ਚੌਥੇ ਨੂੰ ਤੇ ਇੱਟਾਂ ਟਿਕਾਣੇ ਉੱਤੇ ਪੁੱਜ ਜਾਂਦੀਆਂ। ਇੱਕ ਪਾਣੀ ਦੀ ਬਾਲਟੀ ਭਰਦਾ, ਬਾਲਟੀ ਦੂਜੇ ਕੋਲ ਜਾਂਦੀ, ਦੂਜਾ ਤੀਜੇ ਦੇ ਹੱਥ ਵਿੱਚ ਦਿੰਦਾ, ਤੀਜੇ ਕੋਲੋਂ ਫੜਨ ਲਈ ਚੌਥਾ ਅੱਗੇ ਖਲੋਤਾ ਹੁੰਦਾ, ਜਿਉਂ-ਜਿਉਂ ਪੁਲ ਉੱਸਰਦਾ, ਪੇਂਡੂਆਂ ਦਾ ਉਤਸਾਹ ਵਧਦਾ ਜਾਂਦਾ ਤੇ ਇਸ ਨਸ਼ੇ ਵਿੱਚ ਇਸ ਹੁਲਾਰ ਵਿੱਚ ਕਈ ਵਾਰ ਵੱਡੇ ਪਿੰਡ ਵਾਲੇ ਭੁੱਲ ਜਾਂਦੇ ਉਹ ਵੱਡੇ ਪਿੰਡ ਵਾਲੇ ਸਨ ਤੇ ਨਿੱਕੇ ਪਿੰਡ ਵਾਲੇ ਭੁੱਲ ਜਾਂਦੇ ਉਹ ਨਿੱਕੇ ਪਿੰਡ ਵਾਲੇ ਸਨ। ਉਨ੍ਹਾ ਨੂੰ ਲਗਦਾ ਜਿਵੇਂ ਉਹ ਇੱਕ ਸੜਕ ਦੇ ਪਾਂਧੀ ਸਨ, ਇੱਕ ਟੱਬਰ ਦੇ ਬੰਦੇ ਸਨ, ਇੱਕ ਸੁਫਨੇ ਦੇ ਦੀਵਾਨੇ ਸਨ। ਕੰਮ ਕਰਨ ਵੇਲੇ ਦੋਵੇਂ ਧਿਰਾਂ ਰਲਮਿਲ ਕੇ ਕੰਮ ਕਰਦੀਆਂ, ਜਦੋਂ ਥੱਕ ਟੁੱਟ ਕੇ ਉਹ ਸੁਸਤਾਂਦੇ ਤਾਂ ਰਲ ਮਿਲ ਕੇ ਬੋਲਦੇ, ਰਲ ਮਿਲ ਕੇ ਖਾਂਦੇ-ਪੀਂਦੇ, ਠੱਠਾ-ਮਖ਼ੌਲ ਕਰਦੇ, ਹੱਸਦੇ ਖੇਡਦੇ।

ਫੇਰ ਜਦੋਂ ਪੁਲ ਦੇ ਪਾਵੇ ਤਿਆਰ ਹੋ ਗਏ ਉਨ੍ਹਾ ਉੱਤੇ ਲੋਹੇ ਦੇ ਗਾਰਡਰ ਪਾਣੇ ਸਨ। ਮਣਾਂ-ਮੂੰਹੀਂ ਭਾਰੇ ਗਾਡਰਾਂ ਨੂੰ ਚੁੱਕਣ ਲਈ ਵੱਡੇ ਪਿੰਡ ਦਾ ਨਿੱਕੇ ਪਿੰਡ ਦਾ ਇੱਕ-ਇੱਕ ਨੌਜਵਾਨ ਇੱਕਠਾ ਹੋ ਗਿਆ। ਉੱਚੇ-ਉੱਚੇ ਸਿਰ ਚੁੱਕੀ ਪੁਲ ਦੇ ਪਾਵਿਆਂ ਨੂੰ ਵੇਖ ਕੇ ਹਰ ਪੇਂਡੂ ਦਾ ਉਤਸ਼ਾਹ ਜਿਵੇਂ ਠਾਠਾਂ ਮਾਰਨ ਲੱਗ ਪਿਆ। ਬਸ ਉਨ੍ਹਾਂ ਨੇ ਗਾਰਡਰ ਜਮਾਣੇ ਸਨ ਤੇ ਫਿਰ ਦਸਾਂ ਦਿਨਾਂ ਵਿੱਚ ਤਿਆਰ ਹੋ ਜਾਣਾ ਸੀ, ਜਿਸ ਉੱਤੇ ਉਨ੍ਹਾਂ ਦੇ ਗੱਡੇ ਲੰਘਿਆ ਕਰਨਗੇ। ਨੌਜਵਾਨ ਪੇਂਡੂਆਂ ਦੀਆਂ ਦੁੱਧ ਨਾਲ ਲੱਦੀਆਂ ਸਾਈਕਲਾਂ ਹਰਲ ਹਰਲ ਕਰਦੀਆਂ ਫਿਰਨਗੀਆਂ।

ਤੇ ਫੇਰ ਜਦੋਂ ਇੰਨਜੀਨੀਅਰਾਂ ਨੇ ਇਸ਼ਾਰਾ ਕੀਤਾ ਵੱਡੇ ਪਿੰਡ ਤੇ ਨਿੱਕੇ ਪਿੰਡ ਦੇ ਨੌਜਵਾਨਾਂ ਨੇ ਇੱਕ ਦੂਜੇ ਨੂੰ ਮੋਢੇ ਦੇ ਕੇ, ਇੱਕ ਦੂਜੇ ਨੂੰ ਹਲਾਸ਼ੇਰੀ ਕਰਕੇ ਪਹਿਲੇ ਗਾਰਡਰ ਨੂੰ ਚੁੱਕ ਲਿਆ। ਗਾਰਡਰ ਬਹੁਤ ਭਾਰੀ ਸੀ ਉਨ੍ਹਾ ਹੀ ਨੌਜਵਾਨ ਪੇਂਡੂਆਂ ਨੂੰ ਜੋਸ਼ ਹੋਰ ਆਇਆ। ਇੱਕ ਦੂਜੇ ਦੇ ਜੋਰ ਵਿੱਚ ਜੋਰ ਮਿਲਾਂਦੇ, ਇੱਕ ਦੂਜੇ ਦੇ ਹੌਸਲੇ ਵਿੱਚ ਹੌਸਲਾ ਵਧਾਂਦੇ, ਇੱਕ ਦੂਜੇ ਨੂੰ ਦਾਦ ਦਿੰਦੇ, ਵੱਡੇ ਪਿੰਡ ਤੇ ਨਿੱਕੇ ਪਿੰਡ ਵਾਲੇ ਗਾਰਡਰ ਨੂੰ ਚੁੱਕ ਕੇ, ਉਲਾਰ ਕੇ ਹੇਠੋਂ ਉੱਤੇ ਲੈ ਗਏ ਤੇ ਉਨ੍ਹਾਂ ਨੇ ਸਾਂਝੀ ਮਿਹਨਤ ਨਾਲ, ਸਾਂਝੀ ਸਿਆਣਪ ਨਾਲ, ਪੂਰੀ ਮਿਲਵਰਤਣ ਨਾਲ ਗਾਰਡਰ ਨੂੰ ਆਪਣੀ ਥਾਂ ਉੱਤੇ ਟਿਕਾ ਲਿਆ। ਇੱਕ ਗਾਰਡਰ, ਇੱਕ ਹੋਰ ਗਾਰਡਰ ਤੇ ਫਿਰ ਗਾਰਡਰ ਬਾਦ ਗਾਰਡਰ। ਜਦੋਂ ਪੇਂਡੂ ਜੁੜ ਗਏ, ਇੱਕ ਮਨ ਹੋ ਗਏ, ਇੱਕ ਜਾਨ ਹੋ ਗਏ ਤਾਂ ਭਾਰੀ ਲੋਹੇ ਦੇ ਗਾਰਡਰ, ਮਸ਼ੀਨਾਂ ਜਿਨ੍ਹਾਂ ਨੂੰ ਮਸਾਂ ਮਸਾਂ ਹਿਲਾ ਸਕਦੀਆਂ ਸਨ, ਉਨ੍ਹਾਂ ਨੂੰ ਤੀਲੀਆਂ ਵਾਂਗ ਉਲਾਰ ਕੇ ਆਪਣੀ ਥਾਂ ਉੱਤੇ ਜਮਾ ਦਿੱਤੇ।

ਦੋ ਦਿਨ ਹੋਰ ਤੇ ਨਿੱਕੇ ਪਿੰਡ ਵਾਲਿਆਂ ਦਾ ਤੇ ਵੱਡੇ ਪਿੰਡ ਵਾਲਿਆਂ ਦਾ ਪੁਲ ਤਿਆਰ ਹੋ ਗਿਆ ਸੀ।

ਤੇ ਫੇਰ ਇਸ ਪਿੰਡ ਦੇ ਬੱਚੇ ਖੇਡਦੇ-ਖੇਡਦੇ ਉਸ, ਪਿੰਡ ਚਲੇ ਜਾਂਦੇ। ਉਸ ਪਿੰਡ ਦੇ ਕੁੱਕੜ-ਕੁੱਕੜੀਆਂ ਚੋਗਾ ਚੁਗਦੇ ਇੱਧਰ ਆ ਜਾਂਦੇ। ਇਸ ਪਿੰਡ ਦੀਆਂ ਕੁੜੀਆਂ ਵਿਆਹ-ਸ਼ਾਦੀਆਂ ਉੱਤੇ ਸਦਾ ਦੇਣ ਉੱਧਰ ਜਾਂਦੀਆਂ, ਉਸ ਪਿੰਡ ਦੇ ਨੌਜਵਾਨ ਅੱਧੀ ਅੱਧੀ ਰਾਤ ਤੀਕ ਹੀਰ ਸੁਣਦੇ ਇੱਧਰ ਬੈਠੇ ਰਹਿੰਦੇ। ਨਦੀ ਦੇ ਕੰਢੇ ਉੱਤੇ ਖਲੋ ਕੇ ਕੋਈ ਕਿਸੇ ਨੂੰ ਆਵਾਜ਼ ਦਿੰਦਾ ਤੇ ਅਗਲਾ ਅੱਖ ਪਲਕ ਵਿੱਚ ਪੁਲ ਟੱਪ ਕੇ ਆਵਾਜ਼ ਦੇਣ ਵਾਲੇ ਦੇ ਕੋਲ ਅਪੜ ਜਾਂਦਾ। ਉੱਧਰ ਕੋਈ ਹਸਦਾ ਏਸ ਪਿੰਡ ਵਿੱਚ ਮੁਸਕੜੀਆਂ ਖਿੱਲਰ ਜਾਂਦੀਆਂ, ਇੱਧਰ ਕਿਸੇ ਨੂੰ ਤੱਤੀ ਵਾ ਲਗਦੀ ਉਸ ਪਿੰਡ ਵਾਲੇ ਪੁਲ

ਟੱਪ ਲੱਖ ਵਾਰ ਪੁੱਛ-ਪੁੱਛ ਜਾਂਦੇ। ਇਸ ਪੁਲ ਦਾ ਜਾਦੂ ਅਜੀਬ ਸੀ।

## 17.6 ਪੁਲ : ਇੱਕ ਸੰਖੇਪ ਟਿੱਪਣੀ

ਸਾਨੂੰ ਪੂਰੀ ਉਮੀਦ ਹੈ ਕਿ ਪਿੱਛੇ ਦਿੱਤੇ ਗਏ 'ਪੁਲ' ਨਾਂ ਦੀ ਕਹਾਣੀ ਦੇ ਮੂਲ ਪਾਠ ਨੂੰ ਤੁਸੀਂ ਬੜੇ ਧਿਆਨ ਨਾਲ ਪੜ੍ਹਿਆ ਹੋਵੇਗਾ। ਹੁਣ ਅਸੀਂ ਇਸੇ ਕਹਾਣੀ ਦੇ ਕਲਾ-ਪੱਖ ਬਾਰੇ ਤੁਹਾਡੇ ਨਾਲ, ਸੰਖੇਪ ਰੂਪ ਵਿੱਚ, ਗੱਲਬਾਤ ਕਰਾਂਗੇ। ਪਰ ਤੁਸੀਂ ਵੀ 'ਨਿੱਕੀ ਕਹਾਣੀ ਦੀ ਪਰਿਭਾਸ਼ਾ' ਦੇ ਅੰਤਰਗਤ ਜੋ ਪੜ੍ਹਿਆ ਹੈ, ਉਸ ਨੂੰ ਚੇਤੇ ਵਿੱਚ ਰੱਖਣਾ ਹੈ।

ਤੁਹਾਨੂੰ ਖਿਆਲ ਹੋਵੇਗਾ ਕਿ ਅਸੀਂ ਨਿੱਕੀ ਕਹਾਣੀ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਦੇ ਦੌਰਾਨ ਸ਼ਬਦਾਂ ਤੇ ਪਾਤਰਾਂ ਆਦਿ ਦੀ ਗਿਣਤੀ ਨੂੰ ਸਹੀ ਮਾਪ ਨਹੀਂ ਸੀ ਮੰਨਿਆ ਅਤੇ ਨਾ ਹੀ 'ਪਾਠਕ ਦੀ ਬੈਠਕ' ਨੂੰ ਹੀ ਕੋਈ ਮਹੱਤਾ ਦਿੱਤੀ ਸੀ। ਇਸੇ ਲਈ 'ਪੁਲ' ਨਾਂ ਦੀ ਕਹਾਣੀ ਨੂੰ ਇਨ੍ਹਾਂ ਮਾਪਾਂ ਦੁਆਰਾ ਪਰਖਣ ਦੀ ਗਲਤੀ ਅਸੀਂ ਨਹੀਂ ਕਰਨਾ ਚਾਹੁੰਦੇ। ਕੀ ਪਾਤਰ ਤੇ ਘਟਨਾਵਾਂ ਆਦਿ ਰਲਮਿਲ ਕੇ 'ਪ੍ਰਭਾਵ ਦੀ ਏਕਤਾ' ਦੀ ਉਸਾਰੀ ਕਰ ਸਕੇ ਹਨ ? 'ਪੁਲ' ਨਾਂ ਦੀ ਕਹਾਣੀ ਨੂੰ ਕਲਾ ਦੀ ਦ੍ਰਿਸ਼ਟੀ ਤੋਂ ਪਰਖਣ ਲੱਗਿਆਂ ਅਸੀਂ ਇਸੇ ਨੁਕਤੇ ਨੂੰ ਆਪਣੇ ਸਾਹਮਣੇ ਰੱਖਾਂਗੇ।

ਇਸ ਕਹਾਣੀ ਵਿੱਚ ਪਾਤਰ ਕੋਈ ਵਿਅਕਤੀ ਨਹੀਂ; ਬਲਕਿ ਸਮੂਹ ਹੈ। ਸਮੂਹ ਵੀ ਕੋਈ ਇੱਕ ਨਹੀਂ; ਬਲਕਿ ਦੋ ਸਮੂਹ ਹਨ। ਇਨ੍ਹਾਂ ਸਮੂਹਾਂ ਦੇ ਨਾਂ ਹਨ - 'ਵੱਡਾ ਪਿੰਡ' ਤੇ 'ਨਿੱਕਾ ਪਿੰਡ'। ਇਸ ਪ੍ਰਕਾਰ ਇਹ ਦੋ ਪਿੰਡਾਂ ਦੀ ਕਹਾਣੀ ਹੈ ਜਿਹੜੇ ਦੋ ਪਾਤਰ ਬਣ ਕੇ ਪੇਸ਼ ਹੋਏ ਹਨ। ਇਨ੍ਹਾਂ ਦੋਹਾਂ ਪਿੰਡਾਂ ਵਿੱਚ ਚਿਰੋਕਾ ਵਿਰੋਧ ਚਲਿਆ ਆ ਰਿਹਾ ਹੈ। ਵਿਰੋਧ ਦਾ ਮੂਲ ਕਾਰਨ ਇਹੀ ਜਾਪਦਾ ਹੈ ਕਿ 'ਵੱਡਾ ਪਿੰਡ' ਵਾਲੇ ਆਪਣੇ ਆਪ ਨੂੰ ਬਸ, ਵੱਡਾ ਸਮਝਦੇ ਹਨ। ਯਾਨੀ ਨਿੱਕੇ ਪਿੰਡ ਵਾਲਿਆਂ ਨੂੰ ਹਕਾਰਤ ਦੀ ਨਜ਼ਰ ਨਾਲ ਵੇਖਦੇ ਹਨ ਅਤੇ ਇਹ ਜ਼ਾਹਿਰ ਹੈ, ਕਿ ਨਿੱਕੇ ਪਿੰਡ ਵਾਲਿਆਂ ਨੂੰ ਚੰਗਾ ਨਹੀਂ ਲਗਦਾ। ਦੋਹਾਂ ਪਿੰਡਾਂ ਵਿਚਲੇ ਵਿਰੋਧ ਨੂੰ ਦੁੱਗਲ ਨੇ ਕਦਮ-ਬ-ਕਦਮ ਪੇਸ਼ ਕੀਤਾ ਹੈ। ਦੋਹਾਂ ਪਿੰਡਾਂ ਨੂੰ ਵੱਖਰੇ ਕਰਨ ਵਾਲੀ ਇੱਕ ਨਦੀ ਹੈ। ਇਸ ਨਦੀ ਨੇ ਦੋਹਾਂ ਪਿੰਡਾਂ ਨੂੰ ਭੂਗੋਲਿਕ ਦ੍ਰਿਸ਼ਟੀ ਤੋਂ ਇੱਕ ਦੂਜੇ ਤੋਂ ਵੱਖਰਾ ਕੀਤਾ ਹੋਇਆ ਹੈ। ਫੇਰ ਅਜਿਹੀਆਂ ਅਫਵਾਹਾਂ ਵੀ, ਕਿ ਕਦੀ 'ਵੱਡੇ ਪਿੰਡ' ਵਾਲਿਆਂ ਨੇ 'ਨਿੱਕੇ ਪਿੰਡ' ਦੀ ਕੁੜੀ ਨੂੰ ਉਧਾਲ ਲਿਆ ਸੀ, ਬਲਦੀ ਉੱਪਰ ਤੇਲ ਦਾ ਕੰਮ ਕਰਦੀਆਂ ਹਨ। ਜਦੋਂ ਦੋਹਾਂ ਧਿਰਾਂ ਵਿੱਚ ਵੈਰ-ਵਿਰੋਧ ਚਲ ਰਿਹਾ ਹੋਵੇ ਓਦੋਂ ਮਨ ਖਾਹਮਖਾਹ ਵਹਿਮੀ ਹੋ ਜਾਂਦਾ ਹੈ। ਇੱਕ ਪਿੰਡ ਉੱਤੇ ਜਦੋਂ ਕੋਈ ਭੀੜ ਬਣਦੀ ਉਸ ਨੇ ਇਹੀ ਖਿਆਲ ਕਰਨਾ ਕਿ ਵਿਰੋਧੀ ਪਿੰਡ ਵਾਲਿਆਂ ਦੀ ਹੀ ਸ਼ਰਾਰਤ ਹੋਵੇਗੀ। ਦੁੱਗਲ ਨੇ ਵਿਰੋਧ ਦੀ ਭਾਵਨਾ ਪੇਸ਼ ਕਰਨ ਦੇ ਨਾਲ ਇਸ ਨੂੰ ਦੂਰ ਕਰਨ ਲਈ ਕੀਤੇ ਗਏ ਜਤਨਾਂ ਦਾ ਵੀ ਜ਼ਿਕਰ ਕੀਤਾ ਹੈ। ਡਿਸਟ੍ਰਿਕਟ ਬੋਰਡ ਨੇ ਚਾਹਿਆ ਸੀ ਕਿ ਦੋਹਾਂ ਪਿੰਡਾਂ ਲਈ ਇੱਕ ਸਾਂਝਾ ਖੂਹ ਖੁਟਵਾ ਦਿੱਤਾ ਜਾਏ। ਖੂਹ ਨਾ ਖੁਟਵਾਇਆ ਜਾ ਸਕਿਆ ਕਿਉਂਕਿ, ਇਹ ਫੈਸਲਾ ਕਰਨਾ ਹੀ ਔਖਾ ਹੋ ਗਿਆ ਕਿ ਖੂਹ ਨਦੀ ਦੇ ਕਿਸ ਕੰਢੇ ਉੱਤੇ ਖੁਟਿਆ ਜਾਏ। ਅੰਗਰੇਜ਼ੀ ਸਰਕਾਰ ਨੇ ਵੀ ਕੋਸ਼ਿਸ਼ ਕੀਤੀ ਕਿ ਦੋਹਾਂ ਪਿੰਡਾਂ ਵਿੱਚ ਬਣ ਜਾਏ। ਸਰਕਾਰ ਨੇ ਦੋਹਾਂ ਪਿੰਡਾਂ ਲਈ ਇੱਕ ਸਾਂਝਾ ਸਕੂਲ ਵੀ ਖੋਲ੍ਹਿਆ। ਪਰ ਦੋਹਾਂ ਪਿੰਡਾਂ ਨੂੰ ਫਿਰ ਵੀ ਰਲਮਿਲ ਕੇ ਬੈਠਣਾ ਨਾ ਆਇਆ।

ਦੋਹਾਂ ਪਿੰਡਾਂ ਵਿੱਚ ਕਾਇਮ ਵਿਰੋਧ ਕਾਰਨ ਹੀ ਕਹਾਣੀ ਦਾ ਬਿਰਤਾਂਤ, ਤਣਾਉ ਦੀ ਸਥਿਤੀ ਵਿੱਚ, ਹੌਲੀ-ਹੌਲੀ ਅੱਗੇ ਵਧਦਾ ਗਿਆ ਹੈ। ਗੱਲ ਹਿੰਦੂ-ਮੁਸਲਿਮ ਫਸਾਦਾਂ ਤਕ ਜਾ ਪਹੁੰਚਦੀ ਹੈ। ਉਹੀ ਫਸਾਦ ਜੋ ਦੇਸ-ਵੰਡ ਦਾ ਕਾਰਨ ਵੀ ਸਨ ਤੇ ਨਤੀਜਾ ਵੀ। ਦੇਸ਼-ਵੰਡ ਇਸ ਕਹਾਣੀ ਦਾ ਇੱਕ ਬੜਾ ਅਹਿਮ ਪੜਾ ਕਿਹਾ ਜਾ ਸਕਦਾ ਹੈ। ਇਹ ਪੜਾ ਅਚਾਨਕ ਹੀ ਨਹੀਂ ਸਾਹਮਣੇ ਆਇਆ, ਬਲਕਿ ਕਹਾਣੀ ਵਿੱਚੋਂ ਹੀ ਪੈਦਾ ਹੋਇਆ ਹੈ। ਦੇਸ਼-ਵੰਡ ਇਤਿਹਾਸਿਕ ਘਟਨਾ ਤਾਂ ਹੈ ਹੀ ਪਰ ਕਹਾਣੀ ਵਿੱਚ ਇੱਕ ਤਰ੍ਹਾਂ ਨਾਲ ਪ੍ਰਤੀਕ ਦੇ ਰੂਪ ਵਿੱਚ ਵੀ ਪੇਸ਼ ਹੋਇਆ ਕਿਹਾ ਜਾ ਸਕਦਾ ਹੈ।

ਅਖ਼ੀਰ ਵਿੱਚ ਜਾ ਕੇ ਪੁਲ ਨੇ ਹੀ ਦੋਹਾਂ ਪਿੰਡਾਂ ਨੂੰ ਜੋੜਨ ਦਾ ਕੰਮ ਕੀਤਾ। ਇੱਥੇ ਇਸ ਗੱਲ ਵੱਲ ਸੰਕੇਤ ਕਰਨਾ ਬਹੁਤ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਦੋਵੇਂ ਪਿੰਡ ਆਪਣੀ ਆਪਣੀ ਥਾਂ ਭਾਰਤ ਦੇ ਸੁਤੰਤਰਤਾ ਦਿਵਸ ਨੂੰ ਮਨਾਉਂਦੇ ਤਾਂ ਹਨ ਪਰ ਇੱਕ ਦੂਜੇ ਨੂੰ ਮਾਤ ਪਾਵੁਣ ਲਈ ਵਿਰੋਧ ਦੀ ਭਾਵਨਾ ਅਜੇ ਵੀ ਬਰਾਬਰ ਕਾਇਮ ਹੈ। ਹੁਣ, ਪੁਲ ਬਣ ਗਿਆ ਹੈ। ਪੁਲ ਦੋਹਾਂ ਦੀ ਆਰਥਕਤਾ ਨੂੰ ਸੁਧਾਰਨ ਦਾ ਵਸੀਲਾ ਹੈ। ਹੁਣ, ਪੁਲ ਉਤੋਂ ਉਨ੍ਹਾਂ ਦੇ ਗੱਡੇ ਲੰਘਣੇ ਸਨ, ਨੌਜਵਾਨ ਪੇਂਡੂਆਂ ਦੇ ਦੁੱਧ ਨਾਲ ਲੱਦੇ ਸਾਈਕਲਾਂ ਨੇ ਹਰਲ ਹਰਲ ਕਰਦਿਆਂ ਫਿਰਨਾ ਸੀ। ਇਸ ਆਰਥਿਕ ਸਾਂਝ ਕਾਰਨ ਹੀ ਪੁਲ ਦੋਹਾਂ ਪਿੰਡਾਂ ਲਈ ਇੱਕ ਮੁਬਾਰਕ ਵਸੀਲਾ ਬਣਿਆ। ਇਸ ਪ੍ਰਕਾਰ ਇਹ ਪੁਲ ਸਾਂਝ ਦੀ ਪ੍ਰਤੀਕ ਕਿਹਾ ਜਾ ਸਕਦਾ ਹੈ। ਵੈਸੇ ਵੀ ਪੁਲ ਦੋਹਾਂ ਨੂੰ ਜੋੜਨ ਦਾ ਪ੍ਰਤੀਕ ਹੈ। ਪਰ ਇਸ ਕਹਾਣੀ ਵਿੱਚ ਜਿਸ ਦਾ ਪਾਸਾਰ ਦੇਸ਼-ਵੰਡ ਤੋਂ ਪਹਿਲਾਂ ਦੇ ਸਮੇਂ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਦੇ ਮਗਰੋਂ ਦੇ ਭਾਰਤ ਤੀਕ ਪਸਰਿਆ ਹੋਇਆ ਹੈ, ਪੁਲ ਬੜੇ ਗਹਿਰੇ ਅਰਥ ਪ੍ਰਾਪਤ ਕਰ ਲੈਂਦਾ ਹੈ। ਇਹ ਅਰਥ ਹੈ ਏਕਤਾ ਦਾ। ਪੁਲ ਭਾਰਤ ਵਿੱਚ ਲੋੜੀਂਦੀ ਏਕਤਾ ਦਾ ਚਿੰਨ੍ਹ ਬਣ ਕੇ ਸਾਹਮਣੇ ਆਉਂਦਾ ਹੈ। ਦੁੱਗਲ ਹੋਰੀਂ ਪੁਲ ਨਾਲ ਆਰਥਿਕ ਪਹਿਲੂ ਨੂੰ ਜੋੜ ਕੇ ਇਹੀ ਪ੍ਰਗਟ ਕਰਨਾ ਚਾਹੁੰਦੇ ਹਨ ਕਿ ਏਕਤਾ ਨੂੰ ਕੇਵਲ ਇੱਕ ਨਾਅਰਾ ਹੀ ਨਹੀਂ ਬਲਕਿ ਅਸਲੀਅਤ ਵਿੱਚ ਬਦਲਣ ਦੀ ਲੋੜ ਹੈ। ਇਸ ਅਸਲੀਅਤ ਨੂੰ ਆਰਥਿਕਤਾ ਦੀ ਪੁੱਠ ਦੇ ਕੇ ਹੀ ਸਾਕਾਰ ਕੀਤਾ ਜਾ ਸਕਦਾ ਹੈ। ਜਾਂ ਏਦਾਂ ਕਹਿ ਲਵੋ ਕਿ ਏਕਤਾ ਲਈ ਕੋਈ ਨਿੱਗਰ ਕਾਰਨ ਹੋਣੇ ਜ਼ਰੂਰੀ ਹਨ।

ਕਲਾ ਦੀ ਦ੍ਰਿਸ਼ਟੀ ਤੋਂ ਵੇਖਿਆਂ ਸਾਰੇ ਬਿਉਰੇ, ਜੋ ਵਿਰੋਧ ਨੂੰ ਪੇਸ਼ ਕਰਨ ਲਈ ਤੇ ਵਿਰੋਧ ਨੂੰ ਮਿਟਾਉਣ ਲਈ ਇੱਕ-ਇੱਕ ਕਰ ਕੇ ਪਹਿਲੇ ਸਾਮ੍ਹਣੇ ਆਉਂਦੇ ਰਹੇ, ਉਹ ਸਾਰੇ ਹੀ 'ਪੁਲ' ਵਿੱਚ ਆ ਕੇ ਖੁਰ ਗਏ ਤੇ 'ਏਕਤਾ' ਵਿੱਚ ਆ ਕੇ

ਢਲ ਗਏ। ਇਹ ਏਕਤਾ, ਕਹਾਣੀ ਦੇ ਪ੍ਰਭਾਵ ਦੀ ਲੋੜੀਂਦੀ ਏਕਤਾ ਨਾਲ ਰਲ ਕੇ ਇੱਕਸੁਰ ਹੋਈ ਹੈ। ਵਿਚਾਰ (ਜਾਂ ਭਾਵ) ਦੀ ਏਕਤਾ ਨੂੰ ਦੁੱਗਲ ਨੇ 'ਪ੍ਰਭਾਵ ਦੀ ਏਕਤਾ' ਦੇ ਸਫ਼ਲ ਸੰਜੋਗ ਵਿੱਚ ਪੇਸ਼ ਕੀਤਾ ਹੈ। ਇਹੀ ਕਲਾ ਦੀ ਦ੍ਰਿਸ਼ਟੀ ਤੋਂ ਕਹਾਣੀਕਾਰ ਦੁੱਗਲ ਦੀ ਵੱਡਮੁੱਲੀ ਪ੍ਰਾਪਤੀ ਹੈ।

**ਦੂਜਾ ਅਭਿਆਸ**

1 ਹੇਠ ਦਿੱਤੇ ਸ਼ਬਦਾਂ ਵਿੱਚੋਂ (ਕਹਾਣੀ ਪੜ੍ਹ ਕੇ) ਸਹੀ ਸ਼ਬਦਾਂ ਦੀ ਵਰਤੋਂ ਕਰਦਿਆਂ ਖਾਲੀ ਥਾਵਾਂ ਭਰੋ :

ੳ) ਦੋਹਾਂ ਪਿੰਡਾਂ ਦੇ ਵਿਚਕਾਰ ਇੱਕ ……… ਸੀ।

-ਸੜਕ/ਜੰਗਲ/ਨਦੀ।

ਅ) ਵੱਡੇ ਪਿੰਡ ਵਾਲਿਆਂ ਨੇ ਨਿੱਕੇ ਪਿੰਡ ਦੀ ਇੱਕ ……… ਨੂੰ ਉਧਾਲ ਲਿਆ।

-ਬਕਰੀ/ਕੁੜੀ/ਤੀਵੀਂ।

ੲ) ਦੋਹਾਂ ਪਿੰਡਾਂ ਲਈ ਇੱਕ ਸਾਂਝਾ ……… ਖੁਟਵਾਉਣ ਲਈ ਰਕਮ ਮੰਨਜ਼ੂਰ ਕੀਤੀ।

-ਰਾਹ/ਖੂਹ/ਤਾਲਾਬ।

ਸ) ਕਈ ਸਾਲਾਂ ਤੀਕ ਉਨ੍ਹਾਂ ਦੀਆਂ ……… ਚਲਦੀਆਂ ਰਹੀਆਂ।

-ਰਿਸ਼ਤੇਦਾਰੀਆਂ/ਫੌਜ਼ਦਾਰੀਆਂ/ਲੜਾਈਆਂ।

ਹ) ਦੋਹਾਂ ਪਿੰਡਾਂ ਤੋਂ ……… ਇੱਕ ਮੀਲ ਦੂਰ ਸੀ।

-ਨਦੀ/ਸਕੂਲ/ਪੁਲ

## 17.7 ਭਾਸ਼ਾ ਸੰਬੰਧੀ

### 17.7.1 ਇੱਕ ਸ਼ਬਦ

ਬੰਦਾ ਬਹੁਤੇ ਕੰਮ ਬੋਲ ਕੇ ਹੀ ਸਾਰਦਾ ਹੈ। ਪਰ, ਬਹੁਤਾ ਬੋਲਣਾ ਵੀ ਉਸ ਨੂੰ ਪਸੰਦ ਨਹੀਂ। ਇਸੇ ਲਈ, ਹੁਣ, ਬੰਦਾ ਸ਼ਬਦਾਂ ਦੇ ਸੰਜਮ ਉੱਪਰ ਹੀ ਜ਼ੋਰ ਦੇਂਦਾ ਹੈ। ਸ਼ਬਦਾਂ ਦਾ ਸੰਜਮ ਹੀ ਇੱਕ-ਸ਼ਬਦੀ ਸਰੂਪ ਨੂੰ ਜਨਮ ਦੇਂਦਾ ਹੈ ਕੁੱਝ ਕੁ ਇੱਕ ਸ਼ਬਦੀ ਸਰੂਪਾਂ ਦੀ ਤਲਾਸ਼ ਸੰਸਾਰ ਦੀਆਂ ਸਾਰੀਆਂ ਬੋਲੀਆਂ ਵਿੱਚ ਸਫ਼ਲ ਰਹੀ ਹੈ। ਪੰਜਾਬੀ ਬੋਲੀ ਵਿੱਚ ਵੀ ਅਜਿਹੇ ਇੱਕ- ਸ਼ਬਦੀ ਸਰੂਪ ਮਿਲਦੇ ਹਨ,ਜਿਨ੍ਹਾਂ ਵਿੱਚ ਕੁੱਝ ਮਿਸਾਲਾਂ ਇਸ ਪ੍ਰਕਾਰ ਹਨ:

| | | |
|---|---|---|
| **ਔਂਤਰਾ** | : | ਜਿਸ ਦੇ ਘਰੀਂ ਔਲਾਦ ਨਾ ਹੋਵੇ |
| **ਨਾਸਤਕ** | : | ਜਿਹੜਾ ਰੱਬ ਨੂੰ ਨਾ ਮੰਨੇ |
| **ਸਕੀਆ, ਸਕੀਈ** | : | ਸੌਕਣ ਦੇ ਪੁੱਤ ਧੀ |
| **ਸੁਹਾਗਣ** | : | ਜਿਸ ਦਾ ਪਤੀ ਜੀਉਂਦਾ ਹੋਵੇ। |
| **ਆਤਮ-ਕਥਾ** | : | ਆਪਣੇ ਜੀਵਨ ਦਾ ਵਰਣਨ |
| **ਲੋਕ-ਰਾਜ** | : | ਲੋਕਾਂ ਦਾ ਰਾਜ |
| **ਅਣਥੱਕ** | : | ਜਿਹੜਾ ਥੱਕੇ ਨਾ। |

**ਤੀਜਾ ਅਭਿਆਸ**

**ਨੋਟ:** ਹੇਠ ਲਿਖਿਆਂ ਦੀ ਥਾਂ ਇੱਕ ਸ਼ਬਦ ਵਰਤੋ:

ੳ) ਜਿਹੜਾ ਇੱਜ਼ਤ ਦਾ ਬਹੁਤ ਧਿਆਨ ਕਰੇ ………

ਅ) ਜਿਹੜਾ ਆਪਣੀ ਜਾਨ ਆਪ ਲਵੇ ………

ੲ) ਜੋ ਸਹਾਰਿਆ ਨਾ ਜਾ ਸਕੇ ………

ਸ) ਜਿਹੜਾ ਹਰ ਥਾਂ ਮੌਜੂਦ ਹੋਵੇ ………

ਹ) ਪਤੀ ਦੀ ਦੂਜੀ ਵਹੁਟੀ ………

ਕ) ਜਿਹੜਾ ਧਰਮ ਤੇ ਜਾਨ ਕੁਰਬਾਨ ਕਰ ਦੇਵੇ ………

ਖ) ਜਿਹੜਾ ਰਣਭੂਮੀ ਵਿੱਚ ਮਾਰਿਆ ਜਾਵੇ ………

ਗ) ਜੋ ਕੀਤਾ ਨਾ ਜਾਵੇ ………

ਘ) ਜਿਸ ਦੇ ਸਿਰ ਉੱਤੇ ਵਾਲ ਨਾ ਹੋਣ ………

ਙ) ਜੋ ਸੁਣ ਨਾ ਸਕੇ ………

### 17.7.2 ਵਾਕ-ਜੋੜ

ਪਿੱਛੇ ਅਸੀਂ ਇੱਕ ਸ਼ਬਦੀ ਸਰੂਪਾਂ ਬਾਰੇ ਚਰਚਾ ਕੀਤੀ ਸੀ। ਜਿਵੇਂ 'ਇੱਕ ਸ਼ਬਦ' ਸ਼ਬਦਾਂ ਦੇ ਸੰਜਮ ਨੂੰ ਸੂਚਿਤ ਕਰਦਾ ਹੈ ਉਸੇ ਪ੍ਰਕਾਰ ਵਾਕ-ਜੋੜ ਵਾਕਾਂ ਦੇ ਸੰਜਮ ਦਾ ਸੂਚਕ ਹੈ। ਪਰ ਵਾਕ-ਜੋੜ ਸਿਰਫ ਉਨ੍ਹਾਂ ਵਾਕਾਂ ਵਿੱਚ ਹੀ ਸੰਭਵ ਹੈ ਜੋ ਵਾਕ ਇੱਕ ਦੂਜੇ ਨਾਲ ਅਰਥਾਂ ਦੀ ਦ੍ਰਿਸ਼ਟੀ ਤੋਂ ਜੁੜੇ ਹੋਏ ਹੁੰਦੇ ਹਨ। ਮਿਸਾਲ ਦੇ ਤੌਰ ਉੱਤੇ ਇਹ ਦੋ ਵਾਕ :

— ਮੈਂ ਕਿਤਾਬ ਪੜ੍ਹ ਰਿਹਾ ਹਾਂ।

— ਮੇਰਾ ਜਨਮ 1950 ਵਿੱਚ ਹੋਇਆ ਸੀ।

ਇਨ੍ਹਾਂ ਦਾ ਆਪੋ ਵਿੱਚ ਕੋਈ ਸੰਬੰਧ ਨਹੀਂ। ਇਨ੍ਹਾਂ ਦਾ ਵਾਕ-ਜੋੜ ਮੁਮਕਿਨ ਨਹੀਂ ਪਰ ਜੇ ਇਹ ਵਾਕ ਇਸ ਪ੍ਰਕਾਰ ਹੋਣ :

— ਮੈਂ ਕਿਤਾਬ ਪੜ੍ਹ ਰਿਹਾ ਹਾਂ।

— ਮੇਰਾ ਕੱਲ੍ਹ ਇਮਤਿਹਾਨ ਹੈ।

ਤਾਂ ਇਨ੍ਹਾਂ ਦੋਹਾਂ ਵਾਕਾਂ ਵਿੱਚ ਇੱਕ ਸੰਬੰਧ ਜੁੜਦਾ ਹੈ— ਕਿਤਾਬ ਪੜ੍ਹਨ ਦਾ ਤੇ ਇਮਤਿਹਾਨ ਦਾ। ਇਨ੍ਹਾਂ ਦੋ ਵਾਕਾਂ ਦਾ ਵਾਕ-ਜੋੜ ਇਸ ਪ੍ਰਕਾਰ ਹੋਵੇਗਾ :

— ਮੈਂ ਕਿਤਾਬ ਪੜ੍ਹ ਰਿਹਾ ਹਾਂ, ਕਿਉਂਕਿ ਕੱਲ੍ਹ ਮੇਰਾ ਇਮਤਿਹਾਨ ਹੈ। ਇੱਥੇ ਅਸੀਂ ਦੋ ਅੱਡਰੇ ਵਾਕਾਂ ਨੂੰ ਜੋੜ ਕੇ ਲਿਖਿਆ ਹੈ। ਅੱਡਰੇ ਵਾਕਾਂ ਨੂੰ ਵੱਧ ਤੋਂ ਵੱਧ ਇਨ੍ਹਾਂ ਤਿੰਨਾਂ ਹਾਲਤਾਂ ਵਿੱਚ ਲਿਖਿਆ ਜਾ ਸਕਦਾ ਹੈ :

ੳ) ਸਾਧਾਰਨ ਵਾਕ।

ਅ) ਸੰਜੁਗਤ ਵਾਕ।

ੲ) ਮਿਸ਼ਰਿਤ ਵਾਕ।

ਅੱਡਰੇ ਵਾਕਾਂ ਨੂੰ ਉਪਰੋਕਤ ਤਿੰਨ ਪ੍ਰਕਾਰ ਦੇ ਵਾਕ-ਜੋੜਾਂ ਵਿੱਚ ਬਦਲ ਕੇ ਕਿਵੇਂ ਲਿਖਿਆ ਜਾ ਸਕਦਾ ਹੈ, ਹੁਣ ਅਸੀਂ ਇਸ ਬਾਰੇ ਤੁਹਾਨੂੰ ਜਾਣਕਾਰੀ ਦਿਆਂਗੇ।

**ੳ) ਸਾਧਾਰਨ ਵਾਕ** : ਸਾਧਾਰਨ ਵਾਕ-ਜੋੜ ਬਣਾਉਣ ਦਾ [illegible] ਤਰੀਕਾ ਹੈ ਕਿ ਜਿਹੜੇ ਸਾਧਾਰਨ ਵਾਕ ਦਿੱਤੇ ਹੋਏ ਹਨ, ਉਨ੍ਹਾਂ ਵਿੱਚ ਕੇਂਦਰੀ ਵਾਕ ਦੀ ਪਹਿਲੇ ਚੋਣ ਕਰ ਲਵੋ। ਫਿਰ, ਕੇਂਦਰੀ ਵਾਕ ਵਿਚਲੇ ਕਰਤਾ ਆਦਿ ਨੂੰ ਮੁੱਖ ਰੱਖਦਿਆਂ ਬਾਕੀ ਦਿੱਤੇ ਵਾਕਾਂ ਨੂੰ ਜੋੜ ਦਿਓ। ਉਦਾਹਰਨ ਨਾਲ ਗੱਲ ਵਧੇਰੇ ਸਪਸ਼ਟ ਹੋ ਜਾਏਗੀ। ਹੇਠ ਅਸੀਂ ਦੋ ਅੱਡਰੇ ਵਾਕ ਦੇਂਦੇ ਹਾਂ।

— ਮੈਨੂੰ ਭੁੱਖ ਲੱਗੀ।

— ਮੈਂ ਖਾਣਾ ਖਾ ਲਿਆ।

ਇਨ੍ਹਾਂ ਦੋ ਸਾਧਾਰਨ ਵਾਕਾਂ ਦਾ ਸਾਧਾਰਨ ਜੋੜ ਇਸ ਤਰ੍ਹਾਂ ਬਣੇਗਾ।

— ਭੁੱਖ ਲੱਗਣ ਉੱਤੇ ਮੈਂ ਖਾਣਾ ਖਾ ਲਿਆ।

ਇੱਕ ਹੋਰ ਮਿਸਾਲ :

— ਮੈਂ ਗਲਾਸ ਚੁੱਕਿਆ।

— ਮੈਂ ਪਾਣੀ ਪੀਤਾ।

ਵਾਕ ਜੋੜ : ਮੈਂ ਗਲਾਸ ਚੁੱਕ ਕੇ ਪਾਣੀ ਪੀ ਲਿਆ।

**ਅ) ਸੰਜੁਗਤ ਵਾਕ** : ਸੰਜੁਗਤ ਵਾਕ ਬਣਾਉਣ ਲਈ ਸਾਰਾ ਧਿਆਨ ਯੋਜਕ ਉੱਤੇ ਲਗਾਉਣਾ ਹੁੰਦਾ ਹੈ। ਸਭ ਤੋਂ ਪਹਿਲਾਂ ਦਿੱਤੇ ਵਾਕਾਂ ਨੂੰ ਇਸ ਤਰ੍ਹਾਂ ਨਾਲ ਪੜ੍ਹਨਾ ਹੈ ਕਿ ਇਨ੍ਹਾਂ ਵਿਚਲਾ ਸੰਬੰਧ ਪਕੜ ਵਿੱਚ ਆ ਜਾਵੇ। ਕਿਹੜਾ ਸੰਬੰਧ ? ਖਿਆਲਾਂ ਦਾ ਸੰਬੰਧ। ਫਿਰ, ਇਸੇ ਸੰਬੰਧ ਨੂੰ ਯੋਜਕ ਦੀ ਮਦਦ ਨਾਲ ਸੰਜੁਗਤ ਵਾਕ ਦਾ ਰੂਪ ਦੇਣਾ ਹੁੰਦਾ ਹੈ ਜਿਵੇਂ :

— ਉਹ ਅਨਪੜ੍ਹ ਹੈ।

— ਉਹ ਬੜਾ ਹੋਸ਼ਿਆਰ ਹੈ।

ਵਾਕ ਜੋੜ ਇਹ ਸੂਰਤ ਇਖਤਿਆਰ ਕਰੇਗਾ :

— ਅਨਪੜ੍ਹ ਪਰ ਬੜਾ ਹੋਸ਼ਿਆਰ ਹੈ।

ਇਸੇ ਤਰ੍ਹਾਂ :

— ਉਹ ਪੜ੍ਹਦਾ ਨਹੀਂ।

— ਉਹ ਪਾਸ ਹੋ ਜਾਂਦਾ ਹੈ।

ਵਾਕ ਜੋੜ :

— ਉਹ ਪੜ੍ਹਦਾ ਨਹੀਂ ਪਰ ਪਾਸ ਹੋ ਜਾਂਦਾ ਹੈ।

**ੲ) ਮਿਸ਼ਰਤ ਵਾਕ** : ਮਿਸ਼ਰਤ ਵਾਕ ਬਣਾਉਣ ਸਮੇਂ ਨਜ਼ਰ ਕੇਂਦਰੀ ਵਾਕ ਉੱਪਰ ਹੀ ਹੋਣੀ ਜ਼ਰੂਰੀ ਹੈ। ਕੇਂਦਰੀ ਵਾਕ ਦੀ ਤਲਾਸ਼ ਮਗਰੋਂ ਢੁੱਕਵੇਂ ਯੋਜਕਾਂ ਦੀ ਵਰਤੋਂ ਨਾਲ ਵਾਕਾਂ ਨੂੰ ਇਸ ਤਰ੍ਹਾਂ ਜੋੜਿਆ ਜਾਣਾ ਚਾਹੀਦਾ ਹੈ ਕਿ ਕੇਂਦਰੀ ਵਾਕ ਪ੍ਰਧਾਨ ਤੇ ਬਾਕੀ ਅਧੀਨ ਵਾਕ ਪ੍ਰਤੀਤ ਹੋਣ।

ਉਦਾਹਰਨ :

— ਉਹ ਈਮਾਨਦਾਰ ਹੈ।

— ਇਹ ਸਭ ਜਾਣਦੇ ਹਨ।

ਮਿਸ਼ਰਤ ਵਾਕ : ਇਹ ਸਭ ਜਾਣਦੇ ਹਨ ਕਿ ਉਹ ਇਮਾਨਦਾਰ ਹੈ।

ਇੱਕ ਹੋਰ ਮਿਸਾਲ :
— ਉਹ ਜਾਸੂਸ ਹੈ।
— ਇਹ ਗੱਲ ਛੁਪੀ ਨਹੀਂ।

**ਮਿਸ਼ਰਿਤ ਵਾਕ**:ਇਹ ਗੱਲ ਛੁਪੀ ਨਹੀਂ ਕਿ ਉਹ ਜਾਸੂਸ ਹੈ।

**ਚੌਥਾ ਅਭਿਆਸ**

**ਨੋਟ**: ਹੇਠਲੇ ਵਾਕਾਂ ਨੂੰ ਜੋੜ ਕੇ ਇੱਕ-ਇੱਕ ਵਾਕ ਵਿੱਚ ਬਦਲੋ। ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਲਿਖੋ।

1 ੳ) ਮੈਂ ਪਗੜੀ ਚੁੱਕੀ। ਮੈਂ ਸਿਰ ਉੱਤੇ ਰੱਖ ਲਈ

. . . . . . . . . . . . . . . . . . . . . . . . . . . . . . . . . . . . . . . .

ਅ) ਤੇਜਿੰਦਰ ਨੇ ਬਟੂਆ ਚੁੱਕਿਆ। ਉਸ ਨੇ ਬਟੂਆ ਖੋਲ੍ਹਿਆ। ਉਸ ਨੇ ਨੋਟ ਕੱਢ ਲਿਆ।

. . . . . . . . . . . . . . . . . . . . . . . . . . . . . . . . . . . . . . . .

ੲ) ਉਹ ਵਿਦਵਾਨ ਹੈ। ਮੇਰਾ ਇਹ ਖ਼ਿਆਲ ਹੈ।

. . . . . . . . . . . . . . . . . . . . . . . . . . . . . . . . . . . . . . . .

ਸ) ਉਹ ਬਿਰਦ ਸੀ। ਉਸ ਟੈਕਸੀ ਲਈ। ਉਹ ਚੜ੍ਹ ਗਿਆ।

. . . . . . . . . . . . . . . . . . . . . . . . . . . . . . . . . . . . . . . .

ਹ) ਵਿਦਿਆ ਬੜੀ ਉੱਤਮ ਦਾਤ ਹੈ। ਕਿਸ ਨੂੰ ਨਹੀਂ ਪਤਾ।

. . . . . . . . . . . . . . . . . . . . . . . . . . . . . . . . . . . . . . . .

ਕ) ਉਸ ਮਿਹਨਤ ਕੀਤੀ। ਉਸ ਧਨ ਕਮਾ ਲਿਆ।

. . . . . . . . . . . . . . . . . . . . . . . . . . . . . . . . . . . . . . . .

ਖ) ਉਹ ਬਹੁਤ ਸੁੰਦਰ ਹੈ। ਉਹ ਨਖ਼ਰੇ ਕਰਦੀ ਹੈ।

. . . . . . . . . . . . . . . . . . . . . . . . . . . . . . . . . . . . . . . .

ਗ) ਉਸ ਦਾ ਦਫ਼ਤਰ ਨੇੜੇ ਹੈ। ਉਹ ਜਲਦੀ ਅੱਪੜ ਜਾਂਦਾ ਹੈ।

. . . . . . . . . . . . . . . . . . . . . . . . . . . . . . . . . . . . . . . .

ਘ) ਮੈਂ ਬਾਜ਼ਾਰ ਗਿਆ। ਮੈਂ ਸਬਜ਼ੀ ਲਿਆਂਦੀ। ਮੈਂ ਰੋਟੀ ਖਾਧੀ।

. . . . . . . . . . . . . . . . . . . . . . . . . . . . . . . . . . . . . . . .

ਙ) ਮੈਂ ਉੱਠਿਆ। ਮੈਂ ਇਸ਼ਨਾਨ ਕੀਤਾ। ਮੈਂ ਨਾਸ਼ਤਾ ਕੀਤਾ।

. . . . . . . . . . . . . . . . . . . . . . . . . . . . . . . . . . . . . . . .

2 ਹੇਠ ਦਿੱਤੇ ਮੁਹਾਵਰਿਆਂ, ਅਖਾਣਾਂ ਤੇ ਵਾਕ-ਅੰਸ਼ਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਇਨ੍ਹਾਂ ਦੇ ਅਰਥ ਸਪਸ਼ਟ ਹੋ ਸਕਣ।

ਲੱਕ ਤੋੜਨਾ; ਖੇਤੀ ਖ਼ਸਮਾਂ ਸੇਤੀ; ਬਗਲਾ ਭਗਤ; ਤੀਰ ਹੋ ਜਾਣਾ; ਊਠ ਨਾਂ ਕੁੱਦੇ ਬੋਰਾ ਕੁੱਦੇ; ਉਲਟੀ ਵਾੜ ਖੇਤ ਨੂੰ ਖਾਏ; ਉਸਾਰ ਉਸਾਰਨਾ; ਸਿਰ ਦੇਣਾ; ਜਿੰਨੀ ਗੌਡੀ ਉਨੀ ਡੋਡੀ; ਅਗਰ ਮਗਰ ਕਰਨਾ; ਅਕਲ ਦਾ ਅੰਨ੍ਹਾਂ ਗੰਢ ਦਾ ਪੂਰਾ; ਅੱਤ ਤੇ ਰੱਬ ਦਾ ਵੈਰ; ਕੱਖਾਂ ਦੀ ਬੇੜੀ; ਬਾਂਦਰ ਮਲਾਹ; ਫਿਟਕੜੀਆਂ ਦਾ ਫੇਰ; ਕੰਨ ਖਿੱਚਣੇ।

## 17.8 ਸਹਾਇਕ ਪੁਸਤਕਾਂ


1 ਹਰਿਭਜਨ ਸਿੰਘ (ਸੰਪਾਦਕ) **ਕਥਾ ਪੰਜਾਬ**, ਨੈਸ਼ਨਲ ਬੁੱਕ ਟਰਸਟ (ਇੰਡੀਆ) ਦਿੱਲੀ। ਮਾਰਚ, 1970

2 ਸਵਿੰਦਰ ਸਿੰਘ ਉੱਪਲ, **ਪੰਜਾਬੀ ਕਹਾਣੀਕਾਰ**, ਪੁਸ਼ਪ ਪ੍ਰਕਾਸ਼ਨ, ਨਵੀਂ ਦਿੱਲੀ। (ਦੂਜੀ ਵਾਰ) ਸਤੰਬਰ, 1970

3 (ਸੰਪਾਦਕ) **ਕਹਾਣੀ ਪੰਜਾਬ**, ਪੰਜਾਬੀ ਰਾਈਟਰਜ਼ ਕੋ. ਸੁਸਾਇਟੀ, ਨਵੀਂ ਦਿੱਲੀ

4 ਕਰਤਾਰ ਸਿੰਘ ਦੁੱਗਲ, **ਕਰਾਮਾਤ**, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ। ਚੌਥਾ ਐਡੀਸ਼ਨ, 1971

5 ਗੁਰਮੁਖ ਸਿੰਘ ਜੀਤ, **ਸਮਕਾਲੀ ਪੰਜਾਬੀ ਕਹਾਣੀ**, ਪੰਜਾਬੀ ਪ੍ਰਕਾਸ਼ਕ ਕਰੋਲ ਬਾਗ, ਨਵੀਂ ਦਿੱਲੀ। ਮਈ, 1957

6 ਕਿਰਪਾਲ ਸਿੰਘ, **ਜਨਮ ਸਾਖੀ ਪਰੰਪਰਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪਹਿਲੀ ਵਾਰ) ਦਸੰਬਰ, 1969

7 **ਪੰਜਾਬੀ ਸਾਹਿੱਤ ਦਾ ਇਤਿਹਾਸ** (ਮੱਧਕਾਲ) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (ਪਹਿਲੀ ਵਾਰ) 1963

8 ਭੁਪਿੰਦਰ ਕੌਰ, **ਵਿਆਕਰਨ ਤੇ ਲਿਖਤ ਰਚਨਾ**, ਸੁਰਜੀਤ ਬੁੱਕ ਡਿਪੋ, ਦਿੱਲੀ

## 17.9 ਅਭਿਆਸਾਂ ਦੇ ਉੱਤਰ

**ਪਹਿਲਾ ਅਭਿਆਸ**

1 ੳ) ਨਿੱਕੀ ਕਹਾਣੀ ਦਾ ਪ੍ਰਮੁੱਖ ਗੁਣ ਪ੍ਰਭਾਵ ਦੀ ਏਕਤਾ ਹੈ।

ਅ) ਪੰਜਾਬੀ ਨਿੱਕੀ ਕਹਾਣੀ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਪੰਜਾਬੀ ਵਿੱਚ ਵਾਰਾਂ, ਜਨਮ ਸਾਖੀਆਂ ਤੇ ਕਿੱਸੇ ਲਿਖੇ ਜਾ ਚੁੱਕੇ ਸਨ। ਸਾਹਿੱਤ ਦੇ ਇਹੀ ਤਿੰਨ ਰੂਪ ਪ੍ਰਮੁੱਖ ਤੌਰ ਉੱਤੇ ਪੰਜਾਬੀ ਕਹਾਣੀ ਦਾ ਵਿਰਸਾ ਕਹੇ ਜਾ ਸਕਦੇ ਹਨ।

ੲ) ਤੀਜੇ ਦੌਰ ਨੂੰ ਹੀ ਪੰਜਾਬੀ ਨਿੱਕੀ ਕਹਾਣੀ ਦਾ ਪ੍ਰਮੁੱਖ ਦੌਰ ਮੰਨਿਆ ਜਾਂਦਾ ਹੈ ਉਹ ਇਸ ਲਈ ਕਿ ਇਸੇ ਦੌਰ ਵਿੱਚ ਪੰਜਾਬੀ ਦੇ ਸਿਰਮੌਰ ਕਹਾਣੀਕਾਰ—ਸੰਤ ਸਿੰਘ ਸੇਖੋਂ, ਸੁਜਾਨ ਸਿੰਘ ਤੇ ਕਰਤਾਰ ਸਿੰਘ ਦੁੱਗਲ—ਹੋਏ।

ਸ) ਕਰਤਾਰ ਸਿੰਘ ਦੁੱਗਲ ਦੇ ਤਿੰਨ ਕਹਾਣੀ-ਸੰਗ੍ਰਹਾਂ ਦੇ ਨਾਂ ਇਸ ਪ੍ਰਕਾਰ ਹਨ:
1 ਡੰਗਰ, 2 ਕਰਾਮਾਤ, 3 ਸੋਨਾਰ ਬੰਗਲਾ।

ਹ) ਅੱਜ ਕਲ ਜਿਨ੍ਹਾਂ ਕਹਾਣੀਕਾਰਾਂ ਦੀ ਖ਼ਾਸੀ ਚਰਚਾ ਹੈ ਉਨ੍ਹਾਂ ਦੇ ਨਾਂ ਹਨ :
ਮੋਹਨ ਭੰਡਾਰੀ, ਨਵਤੇਜ ਪੁਆਧੀ ਤੇ ਚੰਦਨ ਨੇਗੀ ਆਦਿ।

2 ਨਾਨਕ ਸਿੰਘ; ਗੁਰਬਖਸ਼ ਸਿੰਘ ਪ੍ਰੀਤਲੜੀ; ਗੁਲਜ਼ਾਰ ਸਿੰਘ ਸੰਧੂ; ਅਜੀਤ ਕੌਰ; ਚਰਨ ਸਿੰਘ ਸ਼ਹੀਦ; ਸੁਜਾਨ ਸਿੰਘ; ਕੁਲਵੰਤ ਸਿੰਘ ਵਿਰਕ; ਕਰਤਾਰ ਸਿੰਘ ਦੁੱਗਲ; ਬਚਿੰਤ ਕੌਰ; ਹੀਰਾ ਸਿੰਘ ਦਰਦ; ਨਵਤੇਜ ਪੁਆਧੀ।

**ਦੂਜਾ ਅਭਿਆਸ**

1 ੳ) ਦੋਹਾਂ ਪਿੰਡਾਂ ਦੇ ਵਿਚਕਾਰ ਇੱਕ ਨਦੀ ਸੀ।
ਅ) ਵੱਡੇ ਪਿੰਡ ਵਾਲਿਆਂ ਨੇ ਨਿੱਕੇ ਪਿੰਡ ਵਾਲਿਆਂ ਦੀ ਇੱਕ ਕੁੜੀ ਨੂੰ ਉਧਾਲ ਲਿਆ।
ੲ) ਦੋਹਾਂ ਪਿੰਡਾਂ ਲਈ ਇੱਕ ਸਾਂਝਾ ਖੂਹ ਖੁਟਵਾਉਣ ਲਈ ਰਕਮ ਮਨਜ਼ੂਰ ਕੀਤੀ।
ਸ) ਕਈ ਸਾਲਾਂ ਤੀਕ ਉਨ੍ਹਾਂ ਦੀਆਂ ਫੌਜਦਾਰੀਆਂ ਚਲਦੀਆਂ ਰਹੀਆਂ।
ਹ) ਦੋਹਾਂ ਪਿੰਡਾਂ ਤੋਂ ਸਕੂਲ ਇੱਕ ਮੀਲ ਦੂਰ ਸੀ।

**ਤੀਜਾ ਅਭਿਆਸ**

ੳ) ਅਣਖੀਲਾ; ਅ) ਆਤਮਘਾਤੀ; ੲ) ਅਸਹਿ; ਸ) ਸਰਬ ਵਿਆਪਕ; ਹ) ਸੌਕਣ; ਕ) ਸ਼ਹੀਦ; ਖ) ਸੂਰਮਾ; ਗ) ਕ੍ਰਿਤਘਣ; ਘ) ਗੰਜਾ; ਙ) ਡੋਰਾ।

**ਚੌਥਾ ਅਭਿਆਸ**

1 ੳ) ਮੈਂ ਪਗੜੀ ਚੁੱਕੀ ਤੇ ਸਿਰ ਉੱਤੇ ਰੱਖ ਲਈ।
ਅ) ਤੇਜਿੰਦਰ ਨੇ ਬਟੂਆ ਚੁੱਕ ਕੇ ਖੋਲ੍ਹਿਆ ਤੇ ਨੋਟ ਕੱਢ ਲਿਆ।
ੲ) ਮੇਰਾ ਖ਼ਿਆਲ ਹੈ ਉਹ ਵਿਦਵਾਨ ਹੈ।
ਸ) ਬਿਰਦ ਟੈਕਸੀ ਵਿੱਚ ਚੜ੍ਹ ਗਿਆ।
ਹ) ਕਿਸ ਨੂੰ ਨਹੀਂ ਪਤਾ ਕਿ ਵਿਦਿਆ ਬੜੀ ਉੱਤਮ ਦਾਤ ਹੈ।
ਕ) ਉਸ ਮਿਹਨਤ ਨਾਲ ਧੰਨ ਕਮਾ ਲਿਆ।
ਖ) ਉਹ ਸੁੰਦਰ ਹੋਣ ਕਾਰਨ ਨਖਰੇ ਕਰਦੀ ਹੈ।
ਗ) ਦਫਤਰ ਨੇੜੇ ਹੋਣ ਕਾਰਨ ਉਹ ਜਲਦੀ ਅਪੜ ਜਾਂਦਾ ਹੈ।
ਘ) ਮੈਂ ਬਾਜ਼ਾਰੋਂ ਸਬਜ਼ੀ ਲਿਆ ਕੇ ਰੋਟੀ ਖਾਧੀ।
ਙ) ਮੈਂ ਉੱਠ ਕੇ ਇਸ਼ਨਾਨ ਕਰਨ ਮਗਰੋਂ ਨਾਸ਼ਤਾ ਕੀਤਾ।

2 ਲੱਕ ਤੋੜਨਾ : ਅੱਜ ਕਲ ਬੜੀ ਲੱਕ ਤੋੜ ਮਹਿੰਗਾਈ ਹੈ।
ਖੇਤੀ ਖਸਮਾਂ ਸੇਤੀ : ਫਸਲ ਤਾਂ ਸਦਾ ਮੇਹਨਤ ਤੇ ਰਾਖੀ ਨਾਲ ਹੀ ਤਿਆਰ ਹੁੰਦੀ ਹੈ।
ਬਗਲਾ ਭਗਤ : ਰਾਜਸੀ ਆਗੂਆਂ ਨੇ ਵੀ ਬਗਲੇ ਭਗਤਾਂ ਦਾ ਰਾਹ ਫੜ ਲਿਆ ਹੈ।
ਤੀਰ ਹੋ ਜਾਣਾ : ਇੱਥੇ ਰੁਕਣ ਦੀ ਹੁਣ ਲੋੜ ਨਹੀਂ। ਬੱਸ, ਤੀਰ ਹੋ ਜਾ।
ਊਠ ਨਾ ਕੁੱਦੇ ਬੋਰੇ ਕੁੱਦੇ : ਕਰਤਾਰ ਸਿੰਘ ਦੀ ਤਾਂ ਗੱਲ ਛੱਡੋ ਉਸ ਦਾ ਨਿੱਕਾ ਮੁੰਡਾ ਕਿੰਨਾਂ ਚਲਾਕ ਹੈ; ਆਖੇ: ਊਠ ਨਾ ਕੁੱਦੇ ਬੋਰੇ ਕੁੱਦੇ:

ਉਲਟੀ ਵਾੜ ਖੇਤ ਨੂੰ ਖਾਏ : ਉਸ ਨੇ ਨਸ਼ਾ ਪੂਰਾ ਕਰਨ ਲਈ ਘਰ ਦਾ ਸਮਾਨ ਹੀ ਵੇਚਣਾ ਸ਼ੁਰੂ ਕਰ ਦਿੱਤਾ ਹੈ। ਹੁਣ ਤਾਂ ਵਾੜ ਹੀ ਖੇਤ ਨੂੰ ਖਾਣ ਲੱਗ ਪਈ ਹੈ। ਰੱਬ ਖ਼ੈਰ ਕਰੇ।

ਉਸਾਰ ਉਸਾਰਨਾ : ਉਸ ਦੇ ਪੱਲੇ ਤਾਂ ਕੁੱਝ ਹੈ ਹੀ ਨਹੀਂ ਥੱਸ ਉਦਾਂ ਹੀ ਉਸਾਰ ਉਸਾਰਦਾ ਰਹਿੰਦਾ ਹੈ।

ਸਿਰ ਦੇਣਾ : ਸਰਦਾਰ ਭਗਤ ਸਿੰਘ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਸਿਰ ਦਿੱਤਾ ਸੀ।

ਜਿੰਨੀ ਗੋਡੀ, ਉੱਨੀ ਡੋਡੀ : ਰਾਮ ਸਿਹਾਂ! ਖ਼ੂਬ ਮਿਹਨਤ ਕਰ ! ਕਿਉਂਕਿ ਜਿੰਨੀ ਗੋਡੀ ਉਨੀ ਡੋਡੀ।

ਅਗਰ ਮਗਰ ਕਰਨਾ : ਸਾਫ ਸਾਫ ਦੱਸ ਕੰਮ ਕਰਨਾ ਹੈ ਕਿ ਨਹੀਂ। ਏਵੇਂ ਅਗਰ ਮਗਰ ਨਾਂ ਕਰ।

ਅਕਲ ਦਾ ਅੰਨ੍ਹਾ ਗੰਢ ਦਾ ਪੂਰਾ : ਮੇਰੇ ਇੱਕ ਮਾਮੇ ਨੂੰ ਮਾੜਾ ਜਿਹੀ ਵੀ ਅਕਲ ਨਹੀਂ ਪਰ ਉਸ ਪਾਸ ਧਨ ਚੋਖਾ ਹੈ। ਯਾਨੀ ਉਹ ਅਕਲ ਦਾ ਤਾਂ ਅੰਨ੍ਹਾਂ ਹੈ ਪਰ ਗੰਢ ਦਾ ਜਰੂਰ ਪੂਰਾ ਹੈ।

ਅੱਤ ਤੇ ਰੱਬ ਦਾ ਵੈਰ : ਜਿਹੜੇ ਰਾਜੇ ਲੋਕਾਂ ਉੱਤੇ ਜ਼ੁਲਮ ਢਾਹੁੰਦੇ ਹਨ ਉਹ ਜ਼ਰੂਰ ਹੀ ਬਰਬਾਦ ਹੋ ਕੇ ਰਹਿੰਦੇ ਹਨ ਕਿਉਂਕਿ ਅੱਤ ਤੇ ਰੱਬ ਦਾ ਸਦਾ ਹੀ ਵੈਰ ਰਿਹਾ ਹੈ।

ਕੱਖਾਂ ਦੀ ਬੇੜੀ ਬਾਂਦਰ ਮਲਾਹ : ਅਸਾਂ ਮੂਰਖਾਂ ਨੂੰ ਮਜ਼ਹਬਾਂ ਦਾ ਆਗੂ ਬਣਾ ਕੇ ਕੱਖਾਂ ਦੀ ਬੇੜੀ ਨੂੰ ਬਾਂਦਰਾਂ ਦੇ ਹਵਾਲੇ ਕਰ ਦਿੱਤਾ ਹੈ।

ਫਿਟਕਰੀਆਂ ਦਾ ਫੇਟ : ਕੇਵਲ ਨੇ ਦੋਹਾਂ ਭਰਾਵਾਂ ਨੂੰ ਆਪਸ ਵਿੱਚ ਲੜਾ ਦਿੱਤਾ ਉਹ ਨਿਰਾ ਫਿਟਕਰੀਆਂ ਦਾ ਫੇਟ ਹੈ।

ਕੰਨ ਖਿੱਚਣੇ : ਉਸ ਨੇ ਬਹੁਤ ਮਾੜੀ ਗੱਲ ਕੀਤੀ ਹੈ। ਮੈਂ ਉਸ ਦੇ ਕੰਨ ਖਿੱਚਣੇ ਹਨ।